# ਅੰਮ੍ਰਿਤ ਕੀਰਤਨ

## BIRTH OF KHALSA

**( God, in His will, created the Khalsa )**



- On the first day of Baisakh, in the year 1699, Guru Gobind Singhji, the tenth Spiritual Master of the Sikhs, created the 'Khalsa'
- The word 'Khalsa' means -
  Without any impurity
  Ordained by God
  He who has recognised his True self
- Guru Gobind Singhji gifted the Holy Nectar (Amrit) and the 5 - K's to the 'Khalsa'
- The 'Five Beloved' (Panj Payare) were first baptised and transformed into 'Khalsa' by Guru Gobind Singhji.
- They hailed from different parts of the country, and belonged to different castes and occupations.
- The names of the 'Five Beloved' reflect important qualities which can take us closer to God and help us become pure (Khalsa).
  These are

| | | |
|---|---|---|
| 1. **Daya Singh** | : | Compassion and Sympathy |
| 2. **Dharam Singh** | : | Truth and Discipline |
| 3. **Himmat Singh** | : | Strength and Courage |
| 4. **Mohkam Singh** | : | Determination and Fortitude |
| 5. **Sahib Singh** | : | Royalty and Nobleness. |

**" Waheguru Ji Ka Khalsa Waheguru Ji Ki Fateh "**

which means

**" The Khalsa is of the Creator and Victory Shall be of the Creator "**

This salutation was also started by Guru Gobind Singhji

ਅਪ੍ਰੈਲ 2000
ਮੁੱਲ : 10 ਰੁਪਏ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ



■ ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ.ਐਚ.ਡੀ.

■ ਸਹਾਇਕ ਸੰਪਾਦਕ (ਆਨਰੇਰੀ)

ਡਾ. ਗੁਰਮੀਤ ਸਿੰਘ ਬੇਦਵਾਣ

ਐਮ.ਏ., ਪੀ.ਐਚ.ਡੀ.

■ ਸਹਿਯੋਗੀ

ਸ. ਹਰਭਜਨ ਸਿੰਘ

ਸ. ਜੋਤਿੰਦਰ ਸਿੰਘ

ਸ. ਉੱਤਮ ਸਿੰਘ


'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।


**ਚਿੱਠੀ ਪੱਤਰ ਲਈ ਪਤਾ**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.

1246 (1st. ਫਲੋਰ), ਸੈਕਟਰ 22-ਬੀ, ਚੰਡੀਗੜ੍ਹ

ਫੋਨ: 0172 - 701396, 713915


ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

Donations are eligible for relief u/s 80 G of Income-Tax Act, 1961, vide CIT/ CHD/80-G/78/Tech. Dated 30-7-1999 valid upto 31-3-2001


ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐੱਸ ਸੀ ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

Layout: *sohal specials* (Pager: 9610408677)

ਅੰਕ 4 ◆ ਸਾਲ ਬਾਰ੍ਹਵਾਂ ◆ ਅਪ੍ਰੈਲ 2000



2 ਮਿਤ੍ਰ ਅਸਾਡੜੇ ਸੇਈ

4 ਅਨੰਦਪੁਰ ਸਾਹਿਬ ■ ਸੋਹਿੰਦਰ ਸਿੰਘ ਵਣਜਾਰਾ ਬੇਦੀ

5 ਕਰਉ ਬੇਨੰਤੀਆ

6 1699 ਦੀ ਵਿਸਾਖੀ ਵਾਲੇ ਦਿਨ ■ ਪ੍ਰੋ. ਡਾ. ਹਰਨਾਮ ਸਿੰਘ ਸ਼ਾਨ

14 ਖਾਲਸਾ ■ ਸਤਨਾਮ ਕੌਰ

16 ਰਤੇ ਸੇਈ ਜੇ ਮੁਖ ਨ ਮੋੜੰਨਿ ■ ਪ੍ਰੋ. ਬਲਵਿੰਦਰ ਸਿੰਘ

18 ਦੁਖੁ ਤਦੇ ਜਾ ਵਿਸਰਿ ਜਾਵੈ ■ ਭਗਵੰਤ ਸਿੰਘ ਦਲਾਵਰੀ

21 ਤਬਲਾ ਵਾਦਕ ਉਸਤਾਦ ਅੱਲਾ ਰੱਖਾ ■ ਪ੍ਰੋ. ਪਰਮਜੀਤ ਸਿੰਘ

22 ਆਉ ਤਬਲਾ ਸਿੱਖੀਏ ■ ਗੁਰਜੰਟ ਸਿੰਘ ਰਾਹੀ

25 ਕੈਸਟ ਸਮੀਖਿਆ ■ ਭਾਈ ਅਵਤਾਰ ਸਿੰਘ 'ਹੰਸ'

26 ਪੁਸਤਕ ਸਮੀਖਿਆ ■ ਡਾ. ਗੁਰਮੀਤ ਸਿੰਘ ਬੇਦਵਾਣ

28 ਪੁਸਤਕ ਸਮੀਖਿਆ ■ ਡਾ. ਹਰਨੇਕ ਸਿੰਘ ਕਲੇਰ

30 Striking notes of harmony ■ Mukesh Khosla

32 The Khalsa and its spiritual message ■ Swami Sunirmalananda

34 ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

35 ਸੁਰ-ਲਿਪੀਆਂ ■ ਪ੍ਰੋ. ਤਾਰਾ ਸਿੰਘ


**Cover Sketch : A. S. Walia**
**Cover Write - up : Satnam Kaur**

## ਚੰਦੇ ਦਾ ਵੇਰਵਾ

| | |
|---|---|
| **ਦੇਸ਼** | |
| ਇਕ ਕਾਪੀ | 10 ਰੁਪਏ |
| ਸਲਾਨਾ | 100 ਰੁਪਏ |
| ਜੀਵਨ ਮੈਂਬਰ (15 ਸਾਲ) | 1000 ਰੁਪਏ |
| **ਵਿਦੇਸ਼** | |
| ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

## ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁਪਏ |
| ਕਵਰ ਦੇ ਅੰਦਰਲੇ ਪੰਨੇ | 2000 ਰੁਪਏ |
| ਸਾਧਾਰਨ ਪੂਰਾ ਪੰਨਾ | 1000 ਰੁਪਏ |

# ਮਿਤ੍ਰ ਅਸਾਡੜੇ ਸੇਈ

★ ਫਰਵਰੀ ਅੰਕ ਮਿਲ ਗਿਆ ਹੈ। 'ਕਰਉ ਬੇਨੰਤੀਆ' ਦੇ ਤਹਿਤ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੇ ਨਵੇਂ ਸਾਲ ਦਾ ਹੁਕਮਨਾਮਾ ਤੇ ਉਸ ਦੀ ਵਿਆਖਿਆ ਛਾਪਣ ਲਈ ਬਹੁਤ ਬਹੁਤ ਧੰਨਵਾਦ। ਡਾ. ਹਰਨੇਕ ਸਿੰਘ ਕਲੇਰ ਦਾ ਲੇਖ 'ਬਿਰਥਾ ਜਾਤ ਅਬਿਬੇਕੋ' (ਭਗਤ ਰਵਿਦਾਸ ਜੀ) ਬਾਰੇ, ਗਿਆਨੀ ਕੁੰਦਨ ਸਿੰਘ ਪਤੰਗ ਵਲੋਂ 'ਸਾਜ਼', ਡਾ. ਗੁਰਨਾਮ ਸਿੰਘ ਜੀ ਪਟਿਆਲਾ ਵਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤਕ ਅਧਿਐਨ', 'ਪੁਸਤਕ ਸਮੀਖਿਆ' ਡਾ. ਗੁਰਮੀਤ ਸਿੰਘ ਬੇਦਵਾਨ ਵਲੋਂ ਜੋਗਿੰਦਰ ਸਿੰਘ ਦੀ ਪੁਸਤਕ ਗੁਰ ਹਰਗੋਬਿੰਦ ਸਾਹਿਬ ਜੀ ਬਾਰੇ, ਰਮੇਸ਼ ਸਿੰਘ ਜੀ ਵਾਲੇ 'ਪ੍ਰਭ ਡੋਰੀ ਹਾਥ ਤੁਮਾਰੇ, ਜੋ ਤੁਮ ਕਰਹੁ ਸੋਈ ਭਲ ਹਮਰੈ' ਲੇਖ, ਕੋਟਕਪੂਰਾ ਵਿੱਚ 'ਗਾਇਕੀ ਦੀ ਇੱਕ ਸੁਰਮਈ ਸ਼ਾਮ' ਹੈਰੀਟੇਜ ਸੰਸਥਾ ਕੋਟਕਪੂਰਾ ਵਲੋਂ ਕਰਵਾਈ ਗਈ ਜੋ ਬਹੁਤ ਹੀ ਚੰਗਾ ਕੰਮ ਹੈ ਇਹੋ ਜਿਹੇ ਸਮਾਗਮ ਹਰ ਸ਼ਹਿਰ ਵਿੱਚ ਹੋਣੇ ਚਾਹੀਦੇ ਹਨ। ਇਹਨਾਂ ਤੋਂ ਸੰਗੀਤ ਪ੍ਰੇਮੀਆਂ ਨੂੰ ਬਹੁਤ ਹੀ ਕੁਝ ਪ੍ਰਾਪਤ ਹੁੰਦਾ ਹੈ। ਪ੍ਰੋ. ਕਰਤਾਰ ਸਿੰਘ ਵਲੋਂ 'ਰਾਗ ਬਸੰਤ (ਥਾਟ ਬਿਲਾਬਲ)' ਵਿੱਚ ਝਪਤਾਲ ਦੀ ਬੰਦਸ਼, ਭਾਈ ਸੁਬੇਗ ਸਿੰਘ ਵਲੋਂ 'ਰਾਗ ਬਸੰਤ' ਵਿੱਚ ਤਿੰਨਤਾਲ ਦੀ ਬੰਦਸ਼, ਸੋਹਿੰਦਰ ਸਿੰਘ ਵਣਜਾਰਾ ਬੇਦੀ ਵਲੋਂ 'ਓਮ' ਸ਼ਬਦ ਦੀ ਖੋਜ ਭਰਪੂਰ ਜਾਣਕਾਰੀ ਆਦਿ ਲੇਖ ਆਦਿਕ ਸਭ ਸਮੱਗਰੀ ਬਹੁਤ ਹੀ ਪਸੰਦ ਆਈ।

*- ਪ੍ਰੋ. ਮੰਗਤ ਸਿੰਘ ਮਸਤਾਨਾ / ਮਲੋਟ*

★ ਬੇਨਤੀ ਹੈ ਕਿ ਆਪ ਜੀ ਵਲੋਂ ਛਪਦਾ 'ਅੰਮ੍ਰਿਤ ਕੀਰਤਨ' ਬਹੁਤ ਹੀ ਸ਼ਲਾਘਾ ਯੋਗ ਹੈ, ਜਿਸ ਦੀ ਕਿ ਸੰਗਤ ਨੂੰ ਬਹੁਤ ਲੋੜ ਹੈ ਅਤੇ ਸੰਗੀਤ ਦੀ ਲੋੜ ਸਿੱਖ ਧਰਮ ਨੂੰ ਹੈ। ਇਹ ਮੈਗਜੀਨ ਇਸ ਲੋੜ ਨੂੰ ਚਾਨਣ ਵੰਡ ਰਿਹਾ ਹੈ।

*- ਮਨਜੀਤ ਸਿੰਘ / ਬਿਆਸ*

★ 'ਅੰਮ੍ਰਿਤ ਕੀਰਤਨ' ਨੂੰ ਵਧੀਆ ਬਣਾਉਣ ਲਈ ਕੁਝ ਸੁਝਾਅ :

1. ਗੁਰੂ ਤਸਵੀਰਾਂ ਨਾ ਛਾਪੀਆਂ ਜਾਣ, ਕਿਉਂਕਿ ਪੰਥ ਦੇ ਵਿਦਵਾਨ ਪ੍ਰੋ. ਸਾਹਿਬ ਸਿੰਘ ਅਤੇ ਵੀਰ ਸਿੰਘ ਅਨੁਸਾਰ ਗੁਰ-ਤਸਵੀਰਾਂ ਅਗਿਆਨਤਾ ਹੈ। ਇਤਨੀ ਸਾਰੀ ਬਾਣੀ ਜੋ ਅਸਲੀ ਗੁਰ ਤਸਵੀਰ ਹੈ ਦੇ ਹੁੰਦਿਆਂ ਯਥਾ-ਗੁਰ ਮੂਰਤਿ ਗੁਰ ਸਬਦ ਹੈ। ਇਸ ਤੋਂ ਵਧੀਆ ਕੋਈ ਸ਼ਹੀਦੀ ਸਾਕੇ ਦੀ ਤਸਵੀਰ ਜਾਂ ਗੁਰਬਾਣੀ ਦੀ ਤੁਕ, ਜਾਂ ਕਿਸੀ ਤਖਤ, ਗੁਰਦੁਆਰੇ ਦੀ ਤਸਵੀਰ Front Page ਤੇ ਹੋਵੇ ਜੀ।
2. ਪੁਸਤਕ ਪਰੀਚੇ ਵਿੱਚ ਕਿਸੇ ਵਧੀਆ ਤੇ ਸਸਤੀ ਪੁਸਤਕ ਬਾਰੇ ਦੱਸਿਆ ਜਾਵੇ।
3. ਗੁਰਬਾਣੀ ਵਿਆਕਰਣ ਉੱਤੇ ਭੀ ਕੁਝ ਦੱਸਿਆ ਕਰੋ।
4. ਗੁਰਬਾਣੀ ਦੇ ਅਰਥ ਪ੍ਰੋ. ਸਾਹਿਬ ਸਿੰਘ ਟੀਕੇ 'ਚੋਂ ਕੀਤੇ ਜਾਣ ਜਾਂ ਉਸ ਅਧਾਰ ਤੇ ਕੀਤੇ ਜਾਣ ਤਾਂ ਬਹੁਤ ਚੰਗਾ ਹੋਵੇਗਾ।

ਉਪਰੋਕਤ ਗੱਲਾਂ ਬਹੁਤ ਲਾਹੇਵੰਦ ਹੋਣਗੀਆਂ।

*- ਹਰਜੀਤ ਸਿੰਘ / ਬਠਿੰਡਾ*

★ ਆਪ ਜੀ ਆਪਣੇ ਉੱਚ ਕੋਟੀ ਦੇ ਪਰਚੇ ਦੁਆਰਾ, ਗੁਰੂ, ਗੁਰਬਾਣੀ ਅਤੇ ਗੁਰਮਤਿ ਦਾ ਸ਼ਲਾਘਾ ਯੋਗ ਪ੍ਰਚਾਰ ਰਹੇ ਹੋ।

*- ਪ੍ਰੋਫੈਸਰ ਬਲਵਿੰਦਰ ਸਿੰਘ / ਲੁਧਿਆਣਾ*

★ 'ਅੰਮ੍ਰਿਤ ਕੀਰਤਨ' ਦੇ ਪੂਰੇ ਪਰਿਵਾਰ ਨੂੰ ਨਵੇਂ ਸਾਲ ਦੀ ਲੱਖ ਲੱਖ ਵਧਾਈ ਹੋਵੇ। ਸਾਰੇ ਸੰਸਾਰ ਵਿੱਚ ਪੂਰਨ ਸ਼ਾਂਤੀ, ਨਿਰੋਲ ਪ੍ਰੇਮ, ਵਿਸ਼ਾਲ ਹਿਰਦੇ ਹੋਣ। ਜਦੋਂ ਦਾ 'ਅੰਮ੍ਰਿਤ ਕੀਰਤਨ' ਸ਼ੁਰੂ ਹੋਇਆ ਉਸੇ ਮਹੀਨੇ ਤੋਂ ਪੜ੍ਹਨ ਲੱਗੇ ਹਾਂ। ਅਕਾਲ ਪੁਰਖ ਦੀ ਮੇਹਰ ਸਦਕਾ ਅਤੇ 'ਅੰਮ੍ਰਿਤ ਕੀਰਤਨ' ਦੇ ਆਨਰੇਰੀ ਸੰਪਾਦਕ ਡਾਕਟਰ ਜਾਗੀਰ ਸਿੰਘ ਜੀ ਦੇ ਸ੍ਰਛ ਭਾਵਨਾ ਸਦਕੇ ਦਿਨ ਬਦਿਨ ਇਤਨੀ ਤਰੱਕੀ ਤੇ ਹੈ ਇੱਕ-ਇੱਕ ਸ਼ਬਦ ਪੜ੍ਹਨ ਨੂੰ ਦਿਲ ਕਰਦਾ ਹੈ। ਸਤਿਕਾਰ ਯੋਗ ਵੀਰ ਰਮੇਸ਼ ਸਿੰਘ ਜੀ ਦੇ ਲੇਖ ਹਰ ਮਨੁੱਖ ਦੇ ਹਿਰਦੇ ਨੂੰ ਟੁੰਬਦੇ ਹਨ। ਦਿਲ ਕਰਦਾ ਹੈ, ਹਰ ਮਨੁੱਖ ਇਹ ਲੇਖ ਜ਼ਰੂਰ ਪੜ੍ਹੇ ਤਾਂ ਜੋ ਸਿੱਖੀ ਅਸੂਲਾਂ ਦੇ ਸੱਚੇ ਭਾਵ ਨਾਲ ਸੇਵਾ ਦਾ ਮਾਦਾ ਪੈਦਾ ਹੋਵੇ।

ਭਗਤ ਰਵਿਦਾਸ ਜੀ ਬਾਰੇ ਕਿਤਨੇ ਉੱਚੇ ਖਿਆਲ ਹਿਰਦੇ ਵਿੱਚ ਪੈਦਾ ਹੁੰਦੇ ਹਨ।

ਸਾਡੀ ਇਹੀ ਪ੍ਰਾਰਥਨਾ ਹੈ "ਸ਼ਾਲਾ ਜੁਗ ਜੁਗ ਜੀਵੇ ਅੰਮ੍ਰਿਤ ਕੀਰਤਨ।"

*- ਗੁਰਬਖਸ਼ ਕੌਰ / ਚੰਡੀਗੜ੍ਹ*

★ ਮਾਰਚ ਦਾ ਅੰਕ ਮਿਲ ਗਿਆ ਪਰ ਆਪ ਜੀ ਨੂੰ ਸੰਪਾਦਕ ਲਿਖਿਆ ਹੈ। ਇਹ ਲਫਜ਼ ਮਹਾਂਕੋਸ਼ ਵਿੱਚ ਕਿਸੇ ਥਾਂ ਤੇ ਛਪਿਆ ਨਹੀਂ ਦਿਸਦਾ। ਉਪ੍ਰੰਤ ਇਹ ਊਣਤਾਈਆਂ ਦਿਸੀਆਂ ਹਨ:

P. 1 : Nishaan -Published

P. 4 : Wither ਮੁਰਝਾਉਣਾ ਦੀ ਥਾਂ Whiter -ਕਿਸ ਪਾਸੇ -ਕਿਧਰ Fall of Standards

P. 29 : Sikh's -Plural Sikhs, Rags - ਚੀਥੜੇ - Raags

P. 30 : First line -has -have, Whereas is one word

P. 32 : 80 year -years

P. 34 : Flowers of the spring

P. 35 : Dowry

In Matrimonial ads, you are allocating Box numbers. Then why do you want the advertiser to contact S. Harbhajan Singh.

Sikh League has since disappeared but you continue advertising its publication. S. Tarninder Singh, Mumbai, has praised your printing standard while I am seeking more improvement and increase in the number of pages if can achieve conveniently.

*- Rattan Singh / New Delhi*

★ The Sikh panth is already in shambles and with the latest controversy between the Akal Takht Chief and the President of the SGPC, we have hit the rock bottom. We have become the laughing stock for other religious denominations. And stranger still is that all this feuding is in the presence of the Holy Ad Granth Sahib and Gurbani. Today panthic scenario is like stampede-where everybody is pulling and pushing each other. It is a frightening spectacle for an ordinary sikh.

If listening to Gurbani for 5 days is given as punishment referred to as Purification for the ex-communicated then I don't know what is a punishment. Every Sikh listens to Gurbani, considers himself lucky and blessed then how can it be termed as punishment for the ex-communicated. And if it is for purification 5 days cannot undo the wrong & wash a person into purity.

Washing langer utensils and dusting shoes is an advanced stage of humility, grace of which is granted to very few. Every one cannot do it. It is a Sewa and No Sewa can be treated as punishment.

The panth is really in dire straits. I don't know what can be done. One thing I feel strongly is the SGPC and Akali Dal Should again separate out as two different entities. (There is too much of politicising of the religion.) The newspapers are full of appeals by various Sikh individuals and organisations to Sikh intellectuals to intervene and resolve the present crisis. If it to be so then we should appeal to all 'Sarbat Khalsa' to elect only intellectuals and dedicated people to these august offices.

Finally, we all must pray to Gurus themselves to grant wisdom to our erring Panthic leaders. In one of the Gurudwaras I heard in ardas, Bhai Sahib asking Gurus to grant 'Summat' (wisdom) to the Panthic leaders. Let us all enjoin these Prayers!

*- Col. A.S. Rattan / Mohali*

**ਲੇਖਕਾਂ ਲਈ ਬੇਨਤੀ**

ਪਾਠਕਾਂ ਦੀ ਜਾਣਕਾਰੀ ਲਈ ਲੇਖਕ ਆਪਣਾ ਜੀਵਨ-ਵੇਰਵਾ, ਜਨਮ ਮਿਤੀ, ਪਿਤਾ/ਮਾਤਾ ਦਾ ਨਾਮ, ਜਨਮ ਸਥਾਨ, ਸਿਖਿਆ, ਕੰਮ/ਕਿੱਤਾ, ਪ੍ਰਕਾਸ਼ਿਤ ਪੁਸਤਕਾਂ ਦਾ ਵੇਰਵਾ, ਹੋਰ ਪ੍ਰਾਪਤੀਆਂ, ਸ਼ੌਂਕ ਆਦਿ ਭੇਜਣ ਦੀ ਖੇਚਲ ਕਰਨ।

# ਅਨੰਦਪੁਰ ਸਾਹਿਬ

## ਸੋਹਿੰਦਰ ਸਿੰਘ ਵਣਜਾਰਾ ਬੇਦੀ

ਸਿੱਖਾਂ ਦਾ ਇੱਕ ਇਤਿਹਾਸਕ ਨਗਰ, ਜੋ ਰੋਪੜ ਤੋਂ 22 ਮੀਲ ਉੱਤਰ ਵਲ ਸਥਿਤ ਹੈ। ਇਹ ਨਗਰ ਸਿੱਖਾਂ ਦਾ ਇੱਕ ਪ੍ਰਮੁੱਖ ਧਾਰਮਿਕ ਸਥਾਨ ਹੈ, ਜਿਸ ਕਰ ਕੇ ਸਿੱਖ ਇਸ ਨੂੰ ਆਦਰ ਨਾਲ ਆਨੰਦਪੁਰ ਸਾਹਿਬ ਕਹਿੰਦੇ ਹਨ। ਇਹ ਨਗਰ ਸਤਲੁਜ ਦੇ ਖੱਬੇ ਕੰਢੇ ਸ਼ਿਵਾਲਕ ਦੇ ਪਹਾੜਾਂ ਦੇ ਪੈਰਾਂ ਵਿੱਚ ਬੜੀ ਰਮਣੀਕ ਜਗ੍ਹਾ ਸਥਿਤ ਹੈ; ਨੈਨਾਂ ਦੇਵੀ ਦੀਆਂ ਚੋਟੀਆਂ ਇੱਥੋਂ ਅੱਠ ਕੁ ਮੀਲਾਂ ਦੀ ਵਿਥ ਉੱਤੇ ਹਨ ਅਤੇ ਸਾਫ ਵਿਖਾਈ ਦਿੰਦੀਆਂ ਹਨ।

ਇਸ ਨਗਰ ਦੀ ਨੀਂਹ ਗੁਰੂ ਤੇਗ ਬਹਾਦਰ ਜੀ ਨੇ ਰੱਖੀ। ਉਨ੍ਹਾਂ ਨੇ ਬਿਲਾਸਪੁਰ ਦੇ ਰਾਜੇ ਤੋਂ ਮਾਖੋਵਾਲ ਨਾਂ ਦਾ ਪਿੰਡ ਖ਼ਰੀਦ ਕੇ, 1666 ਈ: ਵਿੱਚ ਇੱਕ ਨਵਾਂ ਨਗਰ ਆਬਾਦ ਕੀਤਾ। ਹੁਸ਼ਿਆਰਪੁਰ ਗਜ਼ਟੀਅਰ (ਪੰਨਾ 212-213) ਅਨੁਸਾਰ ਇੱਥੇ ਪਹਿਲਾਂ ਮਾਖੋ ਨਾਉਂ ਦਾ ਦੁਸ਼ਟ ਦੈਂਤ ਰਹਿੰਦਾ ਸੀ ਜੋ ਲੋਕਾਂ ਉੱਤੇ ਬੜੇ ਅੱਤਿਆਚਾਰ ਕਰਦਾ ਸੀ। ਗੁਰੂ ਤੇਗ ਬਹਾਦਰ ਜੀ ਨੇ ਜਦੋਂ ਇਸ ਦੈਂਤ ਦਾ ਸੰਘਾਰ ਕਰਨ ਦਾ ਬੀੜਾ ਚੁਕਿਆ ਤਾਂ ਦੈਂਤ ਨੇ ਇਸ ਇਲਾਕੇ ਨੂੰ ਖੁਦ ਹੀ ਇਸ ਸ਼ਰਤ ਉੱਤੇ ਛੱਡਣਾ ਪ੍ਰਵਾਨ ਕਰ ਲਿਆ ਕਿ ਉਸ ਦਾ ਨਾਉਂ ਇਸ ਅਸਥਾਨ ਨਾਲ ਸਦਾ ਜੁੜਿਆ ਰਹੇਗਾ। ਗੁਰੂ ਤੇਗ ਬਹਾਦਰ ਜੀ ਨੇ ਦੈਂਤ ਨੂੰ ਦੱਸਿਆ ਕਿ ਸੋਢੀ ਤਾਂ ਇਸ ਨਗਰ ਨੂੰ ਆਨੰਦਪੁਰ ਸਾਹਿਬ ਹੀ ਕਿਹਾ ਕਰਨਗੇ, ਪਰ ਪਹਾੜੀਏ ਮਾਖੋਵਾਲ। ਇਸ ਨਗਰ ਨੂੰ ਕਈ ਵਾਰ ਅਨੰਦਪੁਰ ਮਾਖੋਵਾਲ ਵੀ ਕਿਹਾ ਜਾਂਦਾ ਹੈ। ਜਾਪਦਾ ਹੈ ਕਿ ਇਹ ਦੰਦ-ਕਥਾ ਪਹਾੜੀਆਂ ਵਲੋਂ ਘੜੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪਹਾੜੀਏ ਖ਼ਾਲਸੇ ਦੀ ਚੜ੍ਹਦੀ ਕਲਾ ਤੋਂ ਇਤਨੇ ਉਦਾਸੀਨ ਸਨ ਕਿ ਉਨ੍ਹਾਂ ਨੇ ਇਸ ਪਵਿਤ੍ਰ ਸਥਾਨ ਨੂੰ ਅਪਵਿਤ੍ਰ ਸਿੱਧ ਕਰਨ ਲਈ ਇਸ ਨਾਲ ਮਾਖੇ ਦੈਂਤ ਦੀ ਕਥਾ ਜੋੜ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਹ ਨਗਰ ਬੜਾ ਪ੍ਰਫੁੱਲਤ ਹੋਇਆ। ਇੱਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1756 (1699 ਈ:) ਦੀ ਵਿਸਾਖੀ ਨੂੰ ਭਰੇ ਦੀਵਾਨ ਵਿੱਚ ਸਿੱਖ ਸੰਗਤਾਂ ਦੀ ਕਰੜੀ ਅਜ਼ਮਾਇਸ਼ ਮਗਰੋਂ ਪੰਜਾਂ ਪਿਆਰਿਆਂ ਦੀ ਚੋਣ ਕੀਤੀ ਅਤੇ ਉਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ, ਕੇਸਾਧਾਰੀ ਖ਼ਾਲਸੇ ਦੀ ਸਿਰਜਨਾ ਕੀਤੀ।

ਇਸ ਨਗਰ ਵਿੱਚ ਸੋਢੀ ਭਾਰੀ ਗਿਣਤੀ ਵਿੱਚ ਵਸਦੇ ਹਨ। ਸਿੱਖਾਂ ਵਿੱਚ ਇਹ ਨਗਰ 'ਖ਼ਾਲਸੇ ਦੀ ਵਾਸੀ' ਕਰ ਕੇ ਵੀ ਪ੍ਰਸਿੱਧ ਹੈ। ਸਿਧਾਂਤਕ ਤੌਰ ਤੇ ਅੰਮ੍ਰਿਤ ਧਾਰਨ ਮਗਰੋਂ ਖ਼ਾਲਸੇ ਵਿੱਚ ਜਾਤ-ਵਰੁਣ ਤੇ ਕੁੱਲ ਅਸਥਾਨ ਦਾ ਭੇਦ ਮੁਕ ਜਾਂਦਾ ਹੈ ਅਤੇ ਉਹ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸਪੁਤ੍ਰ ਤੇ ਆਨੰਦਪੁਰ ਦੇ ਵਾਸੀ ਸਮਝਣ ਲੱਗਦੇ ਹਨ, ਜਿਸ ਤੋਂ ਇਹ ਨਗਰ 'ਖ਼ਾਲਸੇ ਦੀ ਵਾਸੀ' ਪ੍ਰਸਿੱਧ ਹੋਇਆ। ਡਾ. ਗੰਡਾ ਸਿੰਘ ਅਨੁਸਾਰ 'ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਇਸ ਨਗਰ ਦੀ ਪ੍ਰਭੁਤਾ ਵਧ ਗਈ ਅਤੇ ਸਿੱਖੀ ਦੇ ਕੇਂਦਰ ਦੇ ਨਾਲੋ ਨਾਲ ਇਹ ਸਾਹਿੱਤ ਰਚਨਾ ਦਾ ਵੀ ਇੱਕ ਕੇਂਦਰ ਬਣ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਅਨੇਕਾਂ ਲਿਖਾਰੀ ਆ ਇੱਕਤਰ ਹੋਏ ਜਿਹਨਾਂ ਨੇ ਬਹੁਤ ਸਾਰੇ ਗ੍ਰੰਥ ਰਚੇ ਅਤੇ ਪੰਜਾਬੀ ਜਾਂ ਬ੍ਰਿਜ ਭਾਸ਼ਾ ਵਿੱਚ ਉਲਥਾਏ।" (ਪੰਜਾਬ, ਪੰਨਾ 481)

ਇਹ ਨਗਰ ਨਿਹੰਗ ਸਿੰਘਾਂ ਦਾ ਪ੍ਰਧਾਨ ਨਗਰ ਰਿਹਾ ਹੈ। ਹਰ ਸਾਲ ਹੋਲੇ ਮਹੱਲੇ ਉੱਤੇ ਅਨੇਕਾਂ ਨਿਹੰਗ ਸਿੰਘ ਪਰੰਪਰਕ ਵਸਤਰਾਂ ਵਿੱਚ ਸ਼ਸਤਰ ਪਹਿਨ ਕੇ ਜਲੂਸ ਕੱਢਦੇ ਤੇ ਆਪਣੇ ਕਰਤਬ ਵਿਖਾਂਦੇ ਹਨ।

ਇਸ ਨਗਰ ਵਿੱਚ ਅਨੇਕਾਂ ਸਿੱਖ ਗੁਰਦੁਆਰੇ, ਕਿਲ੍ਹੇ ਤੇ ਇਤਿਹਾਸਕ ਅਸਥਾਨ ਹਨ, ਜਿਹਨਾਂ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ :

1. ਅਕਾਲ ਬੁੰਗਾ
2. ਆਨੰਦਗੜ੍ਹ ਕਿਲ੍ਹਾ
3. ਸੀਸ ਗੰਜ
4. ਕੇਸਗੜ੍ਹ
5. ਗੁਰੂ ਕੇ ਮਹਿਲ
6. ਦਮਦਮਾ ਸਾਹਿਬ
7. ਮੰਜੀ ਸਾਹਿਬ
8. ਮੰਜੀ ਸਾਹਿਬ ਕੇਸਗੜ੍ਹ
9. ਫ਼ਤਹਿਗੜ੍ਹ ਕਿਲ੍ਹਾ
10. ਸਮਾਧ ਮਾਤਾ ਜੀਤੋ ਜੀ

*( ਪੁਸਤਕ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਵਿੱਚੋਂ ਧੰਨਵਾਦ ਸਹਿਤ )*

**PAGE SPONSORED BY : AHUJA FAMILY**
C-353, Defence Colony New Delhi 110 024

# ਕਰਉ ਬੇਨੰਤੀਆ

## ਖੇਵਟ ਕਿੰਨਿ ਗਏ

ਬਾਬਾ ਫਰੀਦ ਜੀ ਦੀ ਬਾਣੀ ਦੀ ਇੱਕ ਤੁਕ ਹੈ :

*ਜਿਮੀ ਪੁਛੈ ਅਸਮਾਨ, ਫਰੀਦਾ ਖੇਵਟ ਕਿੰਨਿ ਗਏ।*

*ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ।*

ਅੱਜ, ਜੀ. ਐਸ. ਸੋਬਤੀ ਜਿਹਨਾਂ ਦਾ ਪੂਰਾ ਨਾਂ ਘੁਮੰਡਾ ਸਿੰਘ ਸੋਬਤੀ ਸੀ -ਦੇ ਚਲਾਣੇ ਉੱਤੇ ਤੁਕ ਯਾਦ ਆ ਰਹੀ ਹੈ। ਸੋਬਤੀ ਸਾਹਿਬ ਦਾ ਨਾਂ ਭਾਵੇਂ ਘੁਮੰਡਾ ਸਿੰਘ ਸੀ ਪਰ ਘੁਮੰਡ ਉਹਨਾਂ ਦੇ ਨੇੜੇ ਤੇੜੇ ਵੀ ਨਹੀਂ ਸੀ। ਉਹਨਾਂ ਕੋਲੋਂ ਉਹਨਾਂ ਦੀ ਜੀਵਨ ਕਹਾਣੀ ਸੁਣ-ਸੁਣ ਕੇ ਮੈਂ ਬੜੀਆਂ ਸੁਚੱਜੀਆਂ ਗੱਲਾਂ ਸਿੱਖੀਆਂ ਸਨ। ਉਹਨਾਂ ਆਪਣੀ ਨੌਕਰੀ ਸਕੂਲ ਅਧਿਆਪਕ ਤੋਂ ਸ਼ੁਰੂ ਕੀਤੀ ਸੀ ਅਤੇ ਸਕੂਲ ਇੰਸਪੈਕਟਰ ਦੇ ਅਹੁਦੇ ਤੋਂ ਰਿਟਾਇਰ ਹੋਏ ਸਨ। 1947 ਦੀ ਦੇਸ਼ ਵੰਡ ਸਮੇਂ ਲੁਧਿਆਣੇ ਕੈਂਪ ਵਿੱਚ ਉਹ ਰਾਸ਼ਨ-ਇੰਚਾਰਜ ਰਹੇ। ਇਹਨਾਂ ਥਾਵਾਂ ਤੇ ਉਹਨਾਂ ਦੀ ਇਮਾਨਦਾਰੀ ਅਤੇ ਲਗਨ ਦੀਆਂ ਲੋਕ ਮਿਸਾਲਾਂ ਦਿਆ ਕਰਦੇ ਹਨ।

ਮੇਰਾ ਉਹਨਾਂ ਨਾਲ ਸੰਪਰਕ 1976 ਵਿੱਚ ਉਦੋਂ ਹੋਇਆ ਜਦੋਂ ਮੈਂ ਚੰਡੀਗੜ੍ਹ ਆਇਆ ਅਤੇ ਗੁਰਦੁਆਰਾ ਸੈਕਟਰ 19-ਡੀ ਵਿੱਚ ਕੀਰਤਨੀਏ ਦੇ ਤੌਰ ਤੇ ਨੌਕਰੀ ਕਰਨ ਲੱਗ ਪਿਆ। ਉਹਨਾਂ ਦੀ ਪਿਆਰੀ ਬੱਚੀ ਗੁਰਪ੍ਰੀਤ ਬੜੀ ਹੋਣਹਾਰ ਸੀ। ਉਹ ਕੀਰਤਨ ਸਿੱਖਦੀ ਲੈਕਚਰ ਸਿੱਖਦੀ, ਕਵਿਤਾਵਾਂ ਆਦਿ ਪੜ੍ਹਦੀ ਅਤੇ ਸ਼ਾਬਾਸੀਆਂ ਹਾਸਲ ਕਰਦੀ। ਸੋਬਤੀ ਸਾਹਿਬ ਪੂਰੀ ਤਰ੍ਹਾਂ ਬੱਚੀ ਦੀ ਸ਼ਖਸੀਅਤ ਦੀ ਉਸਾਰੀ ਨੂੰ ਸਮਰਪਿਤ ਸਨ। ਪਰ ਬਾਰਾਂ ਤੇਰਾਂ ਸਾਲ ਦੀ ਉਮਰ ਵਿੱਚ ਹੀ ਉਹ ਬੱਚੀ ਅਕਾਲ ਚਲਾਣਾ ਕਰ ਗਈ ਤੇ ਸੋਬਤੀ ਸਾਹਿਬ ਅਤੇ ਉਹਨਾਂ ਦੀ ਧਰਮ ਪਤਨੀ ਬਿਲਕੁਲ ਮੁਰਝਾ ਹੀ ਗਏ। ਪਰ ਹੌਲੀ ਹੌਲੀ ਸੰਭਲੇ। ਗੁਰਪ੍ਰੀਤ ਦੇ ਨਾਂ ਤੇ ਟ੍ਰਸਟ ਬਣਾਇਆ ਆਪਣੇ ਆਪ ਨੂੰ ਸੰਗਤਾਂ ਦੀ ਸੇਵਾ ਵਿੱਚ ਸਮਰਪਿਤ ਕਰ ਦਿੱਤਾ। ਸਰੀਰਕ ਤੌਰ ਤੇ ਕਾਫੀ ਢਿੱਲੇ ਮੱਠੇ ਰਹਿੰਦੇ ਸਨ। ਕਈ ਵਾਰ ਜਦੋਂ ਉਹਨਾਂ ਦੇ ਦੁੱਖਾਂ ਦੀ ਗੱਲ ਕਰਨੀ ਤਾਂ ਉਹਨਾਂ ਪ੍ਰਮਾਤਮਾ ਦਾ ਸ਼ੁਕਰ ਕਰਨਾ ਤੇ ਕਹਿਣਾ -ਇਹ ਮੇਰਾ ਘਰ ਵਾਹਿਗੁਰੂ ਨੇ ਆਪਣੀ ਪ੍ਰਯੋਗਸ਼ਾਲਾ ਬਣਾਇਆ ਹੋਇਆ ਹੈ। ਇਸ ਵਿੱਚ ਉਹ ਤਜਰਬੇ ਕਰਦਾ ਹੈ ਕਿ ਕੋਈ ਮਨੁੱਖ ਕਿੰਨੇ ਕੁ ਦੁੱਖ ਸਹਿ ਸਕਦਾ ਹੈ। ਸ਼ੁਕਰ ਹੈ ਉਸ ਦਾ ਇਹ ਕਹਿ ਕੇ ਪੁਛਣ ਵਾਲੇ ਦਾ ਹਾਲਚਾਲ ਜਾਣਨ ਲੱਗ ਪੈਂਦੇ।

ਦੋ ਕੁ ਸਾਲ ਪਹਿਲਾਂ ਉਹਨਾਂ ਦੀ ਪਤਨੀ ਅਕਾਲ ਚਲਾਣਾ ਕਰ ਗਈ ਤੇ ਫਿਰ ਜਿਵੇਂ ਉਹ ਆਪਣੇ ਦਿਨ ਗਿਣਨ ਲੱਗ ਪਏ। ਉਹਨਾਂ ਆਪਣੇ ਘਰ ਕੀਰਤਨ ਕਰਾਉਣਾ ਤੇ ਕਹਿਣਾ -ਮੇਰੀ ਮੁਕਤੀ ਲਈ ਅਰਦਾਸ ਅਤੇ ਕੀਰਤਨ ਕਰੋ। ਉਹਨਾਂ ਨੇ ਆਪਣੇ ਅਕਾਲ ਚਲਾਣੇ ਦੇ ਕਾਰਡ ਤੱਕ ਆਪ ਲਿਖ ਲਏ।

ਪਿਛਲੇ ਸਾਲ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹੱਥ ਨਾਲ ਲਿਖਣਾ ਸ਼ੁਰੂ ਕੀਤਾ ਤਾਂ ਮੈਂ ਉਹਨਾਂ ਨੂੰ ਕਿਹਾ 'ਹੁਣ ਜਦੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪੇ ਖਾਨੇ ਰਾਹੀਂ ਵਧੀਆ ਤੋਂ ਵਧੀਆ ਛਪ ਰਹੇ ਹਨ ਤੁਹਾਡੀ ਇਸ ਮਿਹਨਤ ਦਾ ਕੀ ਫਾਇਦਾ ਹੋਵੇਗਾ?'

ਉਹਨਾਂ ਕਿਹਾ, "ਕਿਸੇ ਹੋਰ ਨੂੰ ਕੋਈ ਫਾਇਦਾ ਹੋਵੇ ਨਾ ਹੋਵੇ ਪਰ ਮੈਨੂੰ ਜ਼ਰੂਰ ਫਾਇਦਾ ਹੋਵੇਗਾ।" ਉਹਨਾਂ ਨੇ 8-9 ਮਹੀਨੇ ਵਿੱਚ ਹੀ ਹੱਥ ਨਾਲ ਪੂਰਾ ਸਰੂਪ ਬੜੀ ਸੁੰਦਰ ਲਿਖਤ ਵਿੱਚ ਲਿਖ ਲਿਆ। ਬੜੇ ਖੁਸ਼ ਹੋਏ। ਸੰਗਤਾਂ ਨੇ ਵੀ ਬੜਾ ਸਤਿਕਾਰ ਦਿੱਤਾ। ਹੁਣ ਉਹਨਾਂ ਕੋਲ ਜਿਵੇਂ ਕੋਈ ਰੁਝੇਵਾਂ ਹੀ ਨਹੀਂ ਸੀ। ਉਹਨਾਂ ਨੇ ਆਪਣੇ ਅਕਾਲ ਚਲਾਣੇ ਉਪਰੰਤ ਭੋਗ ਪੁਆਉਣ ਲਈ ਆਪ ਹੀ ਸਹਿਜ ਪਾਠ ਅਰੰਭ ਕਰ ਦਿੱਤਾ ਤੇ ਚੁੱਪ-ਚਪੀਤੇ ਇਸ ਜਗਤ ਨੂੰ ਅਲਵਿਦਾ ਕਹਿ ਦਿੱਤੀ।

ਇਸ ਸੰਸਾਰ ਵਿੱਚ ਸਾਡੇ ਅਜੋਕੇ ਆਗੂ ਪੰਥਕ ਬੇੜੇ ਨੂੰ ਕਿਸ ਪਾਸੇ ਲਿਜਾ ਰਹੇ ਹਨ। ਸੋਬਤੀ ਸਾਹਿਬ ਜਿਹੇ ਸੁਹਿਰਦ ਸੱਜਣ ਹੁਣ ਕਿਧਰੇ ਦਿਸਦੇ ਨਹੀਂ। ਸਮਝ ਨਹੀਂ ਆਉਂਦੀ ਕਿਥੋਂ ਰੋਸ਼ਨੀ ਲਈਏ। ਕੋਈ ਕਹਿੰਦਾ ਹੈ ਗੁਰਬਾਣੀ ਵਿੱਚੋਂ ਰੋਸ਼ਨੀ ਲਵੋ। ਗੁਰਬਾਣੀ ਤਾਂ ਸਾਡੇ ਅਜੋਕੇ ਆਗੂ ਵੀ ਪੜ੍ਹਦੇ ਹਨ। ਇਹਨਾਂ ਸਾਰਿਆਂ ਨੇ ਅੰਮ੍ਰਿਤ ਵੀ ਪਾਨ ਕੀਤਾ ਹੋਇਆ ਹੈ ਫਿਰ ਅਖਬਾਰਾਂ ਵਿੱਚ ਸਿੱਖ ਪੰਥ ਦੀ ਦਾਹੜੀ ਦਾ ਇੱਕ-ਇੱਕ ਵਾਲ ਕਿਉਂ ਪੁੱਟਿਆਂ ਜਾ ਰਿਹਾ ਹੈ?

*ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ।*

ਹੇ ਵਾਹਿਗੁਰੂ ਹੁਣ ਤਾਂ ਮਿਹਰ ਕਰ!

# 1699 ਦੀ ਵਿਸਾਖੀ ਵਾਲੇ ਦਿਨ


## ਪ੍ਰੋ. ਡਾ. ਹਰਨਾਮ ਸਿੰਘ ਸ਼ਾਨ ★


ਸੰਨ 1699 ਦੀ ਵਿਸਾਖੀ ਵਾਲੇ ਦਿਨ, ਅੱਜ ਤੋਂ ਲਗਭਗ ਤਿੰਨ ਸੌ ਸਾਲ ਪਹਿਲਾਂ, ਮਨੁੱਖਤਾ ਦੇ ਇਤਿਹਾਸ ਵਿੱਚ ਇੱਕ ਅਜਿਹਾ ਕੌਤਕ ਵਾਪਰਿਆ ਸੀ ਜਿਸ ਦਾ ਕਦੇ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ। ਅੰਗਰੇਜ਼ੀ ਭਾਸ਼ਾ ਵਿੱਚ ਪੰਜਾਬ ਦੇ ਇਤਿਹਾਸ ਦੇ ਪਹਿਲੇ ਵਿਦਵਾਨ ਲੇਖਕ, ਸੱਯਦ ਮੁਹੰਮਦ ਲਤੀਫ, ਅਨੁਸਾਰ :

Guru Gobind Singh embarked on his great enterprise, that of remodelling the Hindu religion the distinction of castes by trying to bring all men, without the distinction of race and descent, to the adoration of that Supreme Being before whom all men, he argued, were equal, he summoned to his presence all Sikhs. In less than a fortnight 80,000 Sikhs flocked to Makhowal (old name of the site of Anandpur Sahib) in obedience to the commands of the Guru and, when all had assembled, the Guru... delivered an eloquent address which made a deep impression on the minds of his hearers...

ਅਰਥਾਤ, "ਗੁਰੂ ਗੋਬਿੰਦ ਸਿੰਘ ਜੀ (1666-1708) ਫਿਰ ਆਪਣਾ ਮਹਾਨ ਕਾਰਜ ਨਜਿੱਠਣ ਲਈ ਜੁਟ ਗਏ। ਉਨ੍ਹਾਂ ਨੇ ਸਭ ਸਿੱਖਾਂ ਨੂੰ ਆਪਣੇ ਹਜ਼ੂਰ ਆਉਣ ਦਾ ਸੱਦਾ ਭੇਜਿਆ... ਅਤੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਦਿਆਂ, ਇੱਕ ਪੰਦਰਵਾੜੇ ਤੋਂ ਵੀ ਘੱਟ ਸਮੇਂ ਵਿੱਚ, ਅੱਸੀ ਹਜ਼ਾਰ ਸਿੱਖ ਮਾਖੋਵਾਲ (ਆਨੰਦਪੁਰ ਸਾਹਿਬ) ਵਿੱਚ ਇਕੱਤਰ ਹੋ ਗਏ। ਜਦੋਂ ਉਹ ਸਾਰੇ ਦੀਵਾਨ ਵਿੱਚ ਸਜ ਗਏ ਤਾਂ ਸੂਰਬੀਰ ਗੁਰੂ ਜੀ ਨੇ ਇੱਕ ਪ੍ਰਭਾਵਸ਼ਾਲੀ ਤਕਰੀਰ ਕੀਤੀ ਜਿਸ ਨੇ ਉਹਨਾਂ ਦੇ ਮਨਾਂ ਉੱਤੇ ਡੂੰਘਾ ਅਸਰ ਪਾਇਆ।"[1]

ਤੇਤੀ ਵਰ੍ਹੇ ਦੇ ਭਰ-ਜਵਾਨ ਗੁਰੂ ਨੇ ਫਿਰ ਅਚਨਚੇਤ, ਇੱਕ ਅਜਬ ਜਲਾਲ ਵਿੱਚ, ਨੰਗੀ ਤਲਵਾਰ ਸੂਤ ਕੇ, ਧਰਮ-ਨਿਆਂ ਦੀ ਰੱਖਿਆ ਲਈ ਇੱਕ ਸਿਰ ਦੀ ਭੇਟ ਮੰਗੀ ਅਤੇ ਲਲਕਾਰ ਕੇ ਪੁੱਛਿਆ:

*ਸਨਮੁਖ ਪੂਰਾ ਸਿੱਖ ਹੈ ਕੋਈ,*
*ਸੀਸ ਭੇਟ ਗੁਰੂ ਦੇਵੇ ਸੋਈ।*[2]

ਲਾਹੌਰ ਨਿਵਾਸੀ ਭਾਈ ਦਯਾ ਰਾਮ ਦੇ ਸੀਸ-ਭੇਟ ਲਈ ਨਿੱਤਰ ਆਉਣ ਤੋਂ ਬਾਅਦ, ਅਗਲੀਆਂ ਚਾਰ ਲਲਕਾਰਾਂ ਦੇ ਹੁੰਗਾਰੇ ਭਰਦਿਆਂ ਚਾਰ ਹੋਰ ਸਿੱਖ ਆਪਣੇ ਸੀਸ ਨਿਛਾਵਰ ਕਰਨ ਲਈ ਉਸ ਦਿਨ, ਉਸੇ ਵੇਲੇ ਨਿੱਤਰ ਆਏ। ਉਹ ਪੰਜ ਮਰਜੀਵੜੇ ਹਿੰਦੁਸਤਾਨ ਦੀਆਂ ਪੰਜ ਵੱਖ-ਵੱਖ ਜਾਤਾਂ (ਚਾਰ ਤਾਂ ਅਖੌਤੀ ਅਛੂਤ ਜਾਂ ਪਛੜੀਆਂ ਜਾਤਾਂ ਤੇ ਸ਼੍ਰੇਣੀਆਂ ਵਿੱਚੋਂ) ਨਾਲ ਸਬੰਧਿਤ ਸਨ ਅਤੇ ਪੰਜ ਵੱਖੋ-ਵੱਖਰੇ ਤੇ ਦੂਰ-ਦੁਰਾਡੇ ਇਲਾਕਿਆਂ ਤੇ ਦਿਸ਼ਾਵਾਂ ਵਲੋਂ ਆਏ ਹੋਏ ਸਨ। ਉੱਤਰ ਵਲੋਂ ਲਾਹੌਰ (ਪੰਜਾਬ) ਦੇ ਖੱਤਰੀ, ਸ੍ਰੀ ਦਯਾ ਰਾਮ, ਤੇ ਹਸਤਨਾਪੁਰ (ਉੱਤਰ ਪ੍ਰਦੇਸ਼) ਦੇ ਜਾਟ, ਸ੍ਰੀ ਧਰਮ ਦਾਸ; ਦੱਖਣ ਵਲੋਂ ਬਿਦਰ (ਕਰਨਾਟਕ) ਦੇ ਨਾਈ, ਸ੍ਰੀ ਸਾਹਿਬ ਚੰਦ; ਪੂਰਬ ਵਲੋਂ ਜਗਨਨਾਥ ਪੁਰੀ (ਉੜੀਸਾ) ਦੇ ਮਾਸ਼ਕੀ, ਸ੍ਰੀ ਹਿੰਮਤ ਰਾਏ; ਅਤੇ ਪੱਛਮ ਵਲੋਂ ਦਵਾਰਕਾ (ਗੁਜਰਾਤ ਦੇ ਧੋਬੀ, ਸ੍ਰੀ ਮੁਹਕਮ ਚੰਦ। ਕਿਸੇ ਵੀ ਹੋਰ ਧਰਮ ਦੇ ਸੰਚਾਲਕ ਜਾਂ ਇਸ਼ਟ ਨੇ ਇਤਨੇ ਵੱਡੇ ਤੇ ਵਿਸ਼ਾਲ ਦੇਸ਼ ਦੇ ਕੋਨੇ ਕੋਨੇ ਤੋਂ ਇੱਕ ਮੁਢ-ਕਦੀਮੀ ਤਿਓਹਾਰ ਮਨਾਣ ਲਈ ਆ ਜੁੜੇ ਨਾਮ ਲੇਵਿਆਂ ਨੂੰ ਆਪੋ-ਆਪਣੀ ਕੁਰਬਾਨੀ ਦੇਣ ਲਈ ਪਹਿਲਾਂ ਕਦੇ ਨਹੀਂ ਸੀ ਵੰਗਾਰਿਆ ਅਤੇ ਨਾ ਹੀ ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਵੀ ਧਰਮ-ਨਿਆਂ ਦੀ ਖਾਤਰ ਆਪਣਾ ਸੀਸ ਭੇਟ ਕਰਨ ਦੀ ਇਉਂ ਕਦੇ ਜੁਅੱਰਤ ਹੀ ਕੀਤੀ ਸੀ। ਪਰ ਇਨ੍ਹਾਂ ਮਰਜੀਵੜਿਆਂ ਨੂੰ ਤਾਂ ਅਜਿਹੀ ਇਨਕਲਾਬੀ ਵੰਗਾਰ ਅਤੇ ਉਸ ਨੂੰ ਸਿਰ ਮੱਥੇ ਮੰਨਣ ਲਈ ਲੋੜੀਂਦੀ ਅਜਿਹੀ ਜੁਅੱਰਤ ਤੇ ਜਾਚ ਉਨ੍ਹਾਂ ਦੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ (1469-1539) ਨੇ ਹੀ ਇਉ ਦੱਸੀ ਹੋਈ ਸੀ :

*ਜਉ ਤਉ ਪ੍ਰੇਮ ਖੇਲਣ ਕਾ ਚਾਉ,*
*ਸਿਰ ਧਰਿ ਤਲੀ ਗਲੀ ਮੇਰੀ ਆਉ।*
*ਇਤ ਮਾਰਗਿ ਪੈਰ ਧਰੀਜੈ,*
*ਸਿਰ ਦੀਜੈ ਕਾਣਿ ਨ ਕੀਜੈ।*[3]

ਉਨ੍ਹਾਂ ਦੇ ਪਾਵਨ ਇਸ਼ਟ ਨੇ ਫਿਰ ਉਨ੍ਹਾਂ ਪੰਜਾਂ ਨੂੰ ਪੰਜ ਕੱਕਾਰਾਂ ਦਾ ਧਾਰਨੀ ਬਣਾ ਕੇ ਜਿਵੇਂ ਸਜਾਇਆ,


★ 605, ਸੈਕਟਰ 16, ਚੰਡੀਗੜ੍ਹ

ਫ਼ੌਲਾਦੀ ਬਾਟੇ ਵਿੱਚ ਪਾਏ ਪਾਣੀ ਅਤੇ ਆਪਣੀ ਸੁਪਤਨੀ ਵਲੋਂ ਉਸ ਵਿੱਚ ਰਲਾਏ ਗਏ ਪਤਾਸਿਆਂ ਨੂੰ ਫ਼ੌਲਾਦੀ ਖੰਡੇ ਨਾਲ ਹਿਲਾਉਂਦਿਆਂ ਅਤੇ ਪੰਜ ਪਾਵਨ ਬਾਣੀਆਂ ਦਾ ਪਾਠ ਉਚਾਰਦਿਆਂ, ਜਿਵੇਂ ਉਹ ਕਰਾਮਾਤੀ ਜਲ (ਅੰਮ੍ਰਿਤ) ਤਿਆਰ ਕੀਤਾ। ਇੱਕ ਨਵੇਂ ਜੈਕਾਰੇ, 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ', ਦੀ ਗੂੰਜਾਰ ਨਾਲ ਉਸ ਅੰਮ੍ਰਿਤ ਦੇ ਪੰਜ ਪੰਜ ਛੱਟੇ ਜਿਵੇਂ ਉਨ੍ਹਾਂ ਨੂੰ ਛਕਾ ਕੇ, ਉਸ ਦੇ ਪੰਜ-ਪੰਜ ਛੱਟੇ ਉਨ੍ਹਾਂ ਦੇ ਨੇਤਰਾਂ ਨੂੰ ਲਾਏ ਅਤੇ ਫਿਰ ਉਨ੍ਹਾਂ ਦੇ ਕੇਸਾਂ ਵਿੱਚ ਪਾ ਕੇ, ਉਨ੍ਹਾਂ ਨੂੰ ਇੱਕ ਨਵੇਂ ਪੰਥ (ਖਾਲਸਾ ਪੰਥ) ਵਿੱਚ ਪ੍ਰਵੇਸ਼ ਕਰਵਾਇਆ, ਉਸ ਦੀ ਮਿਸਾਲ ਕਿਸੇ ਵੀ ਹੋਰ ਧਰਮ ਦੀ ਪ੍ਰਵੇਸ਼-ਕਿਰਿਆ ਜਾਂ ਧਾਰਮਕ ਰੀਤ (initiation process or ceremony) ਦੇ ਇਤਿਹਾਸ ਤੋਂ ਵਿਦਿਤ ਨਹੀਂ।

ਇਉਂ ਉਨ੍ਹਾਂ ਪੰਜਾਂ ਨੂੰ ਅਸਲੋਂ ਹੀ ਇੱਕ ਨਵੇਂ ਤੇ ਅਨੂਠੇ, ਭਾਵ ਖੰਡੇ ਬਾਟੇ ਦਾ, ਅੰਮ੍ਰਿਤ ਛਕਾ ਕੇ ਇਸ ਗੱਲ ਦਾ ਯਕੀਨ ਦੁਆ ਕੇ, ਉਨਾਂ ਦੀ ਕਾਇਆ-ਕਲਪ ਕਰ ਦਿੱਤੀ:

*ਪੀਵਹੁ ਪਾਹੁਲ ਖੰਡਿਧਾਰ, ਹੋਇ ਜਨਮ ਸੁਹੇਲਾ।*[4]

ਉਪਰੰਤ, ਉਨ੍ਹਾਂ ਨੂੰ ਬੜੇ ਮਾਣ ਤੇ ਹੁਲਾਸ ਸਹਿਤ ਆਪਣੀ ਛਾਤੀ ਨਾਲ ਲਾ ਕੇ, ਆਪਣੇ 'ਭਾਈ' (Brothers) ਤੇ 'ਪਿਆਰੇ' (Beloved ones) ਕਹਿ ਕੇ ਸੰਬੋਧਿਆ। 'ਸਿੰਘ' ਭਾਵ ਸ਼ੇਰ, ਦਾ ਲਕਬ ਬਖਸ਼ ਕੇ ਤੇ ਇਸ ਨੂੰ ਉਨ੍ਹਾਂ ਦੇ ਨਾਵਾਂ ਨਾਲ ਜੋੜ ਕੇ, ਜਿੱਥੇ ਕੇਵਲ ਆਪਣੇ ਹੀ ਨਹੀਂ, ਸਗੋਂ ਨਵੇਂ ਸਾਜੇ ਖਾਲਸਾ ਪੰਥ ਦੇ 'ਪੰਜ ਪਿਆਰੇ' ਹੋਣ ਦਾ ਮਾਣ ਬਖਸ਼ਿਆ, ਉਥੇ ਉਸ ਦੀ ਨਾਭ ਜਾਂ ਕੇਂਦਰੀ ਬਿੰਦੂ (nucleus) ਹੋਣ ਦਾ ਐਲਾਨ ਵੀ ਕਰ ਦਿੱਤਾ।

ਫਿਰ, ਆਪੇ-ਸਾਜੇ-ਸਜਾਏ ਉਨ੍ਹਾਂ ਪੰਜਾਂ ਨੂੰ ਇੰਨੀ ਮਹਾਨਤਾ ਤੇ ਵਿਸ਼ੇਸ਼ਤਾ ਦਾ ਧਾਰਨੀ ਬਣਾ ਦਿੱਤਾ ਕਿ ਆਪਣੇ ਆਪ ਲਈ ਵੀ ਉਹ ਅਨੂਠੀ ਦਾਤ ਪਰਾਪਤ ਕਰਨ ਲਈ ਉਨ੍ਹਾਂ ਨੂੰ ਹੀ ਇਉਂ ਬੇਨਤੀ ਕੀਤੀ।

*ਖਾਲਸਾ ਗੁਰੂ ਹੈ, ਗੁਰੂ ਖਾਲਸਾ ਕਰੋ ਮੈ ਅਬਿ,*
*ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਓ।*
*ਸ਼ੱਕ ਨ ਕਰੀਜੈ, ਸਾਵਧਾਨ ਹੋਇ ਦੀਜੈ ਅਬਿ,*
*ਅੰਮ੍ਰਿਤ ਛਕਾਵੋ ਮੁਹਿ, ਜੈਸੇ ਤੁਮ ਲੀਨਿਓ।*[5]

ਇਸ ਅਦੁੱਤੀ ਬੇਨਤੀ ਦੀ ਪ੍ਰਵਾਨਗੀ ਤੇ, ਉਸ ਅਦੁੱਤੀ ਗੁਰੁਦੇਵ ਨੇ ਆਪਣੇ ਹੀ ਚੇਲਿਆਂ ਤੋਂ, ਬੀਰ ਆਸਣ ਹੋ ਕੇ, ਉਹ ਅੰਮ੍ਰਿਤ ਉਵੇਂ ਹੀ ਪਾਨ ਕੀਤਾ ਜਿਵੇਂ ਕਿ ਉਨ੍ਹਾਂ ਨੇ ਆਪ ਉਨ੍ਹਾਂ ਪੰਜਾਂ ਨੂੰ ਛਕਾਇਆ ਸੀ। ਉਨ੍ਹਾਂ ਤੋਂ ਉਹੀਓ ਲਕਬ, ਭਾਵ 'ਸਿੰਘ', ਪ੍ਰਾਪਤ ਕਰ ਕੇ, ਆਪਣਾ ਨਾਂ ਵੀ 'ਗੋਬਿੰਦ ਦਾਸ' ਦੀ ਥਾਂ 'ਗੋਬਿੰਦ ਸਿੰਘ' ਰਖਵਾ ਲਿਆ। ਇਉਂ ਸੰਸਾਰ ਦੇ ਧਾਰਮਕ ਇਤਿਹਾਸ ਵਿੱਚ ਇੱਕ ਹੋਰ ਨਵਾਂ ਕ੍ਰਿਸ਼ਮਾ ਕਰ ਵਿਖਾਇਆ। ਅਨੰਦਪੁਰ ਦਾ ਆਲਾ-ਦੁਆਲਾ, ਉੱਥੇ ਇੱਕਤ੍ਰਿਤ ਹਜ਼ਾਰਾ ਬੰਦਿਆਂ ਦੇ ਅਜਿਹੇ ਹੈਰਾਨੀ ਤੇ ਖੁਸ਼ੀ-ਭਰੇ ਬੋਲਾਂ ਨਾਲ, ਗੂੰਜ ਉਠਿਆ :

*ਇਉਂ ਤੀਸਰ ਪੰਥ ਰਚਾਇਅਨ ਵਡ ਸੂਰ ਗਹੇਲਾ,*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।*[6]

ਇਉਂ ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀ ਉਮਤ ਨੂੰ, ਆਪਣੇ ਸਮੇਤ, 'ਸਿੰਘ' ਦਾ ਖਿਤਾਬ ਦੇ ਕੇ 'ਖਾਲਸਾ' ਸਜਾ ਦਿੱਤਾ ਅਤੇ ਗੱਜ-ਵੱਜ ਕੇ ਆਖਿਆ :

*ਗੁਰ ਸੰਗਤਿ ਕੀਨੀ ਖਾਲਸਾ, ਮਨਮੁਖੀ ਦੁਹੇਲਾ।*[7]

ਸਮਕਾਲੀ ਕਵਿ ਸੈਨਾਪਤਿ ਅਨੁਸਾਰ ਵੀ :

*ਗੋਬਿੰਦ ਸਿੰਘ ਕਰੀ ਖੁਸ਼ੀ, ਸੰਗਤਿ ਕਰੀ ਨਿਹਾਲ।*
*ਕੀਓ ਪ੍ਰਗਟ ਤਬ ਖਾਲਸਾ, ਚੁਕਿਓ ਸਗਲ ਜੰਜਾਲ।*[8]

◆

ਪੰਜਾਬ ਦੇ ਦੋ ਹੋਰ ਇਤਿਹਾਸਕਾਰਾਂ, ਅਹਿਮਦ ਸ਼ਾਹ ਬਟਾਲੀਆ ਅਤੇ ਗੁਲਾਮ ਮੁਹੱਈ-ਉਦ-ਦੀਨ ਦੇ ਕਥਨ ਅਨੁਸਾਰ, ਸਰਕਾਰੀ ਪੱਤਰ-ਪ੍ਰੇਰਕ ਦੀ ਅੱਖੀਂ-ਡਿੱਠੀ ਗਵਾਹੀ ਮੁਤਾਬਿਕ, ਉਸ ਇਤਿਹਾਸਕ ਅਵਸਰ 'ਤੇ ਉੱਥੇ ਵੀਹ ਹਜ਼ਾਰ ਹੋਰ ਲੋਕ ਵੀ ਖੰਡੇ ਦੀ ਪਾਹੁਲ ਛਕ ਕੇ ਤਿਆਰ-ਬਰ-ਤਿਆਰ ਹੋ ਗਏ ਸਨ।[9]

ਉਸ ਵਿਸ਼ਾਲ ਤੇ ਯਾਦਗਾਰੀ ਦੀਵਾਨ ਨੂੰ ਸੰਬੋਧਨ ਕਰਦਿਆਂ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਭਾਸ਼ਣ ਵਿੱਚ ਜੋ ਕੁਝ ਫੁਰਮਾਇਆ ਸੀ, ਉਸ ਦਾ ਸੰਖੇਪ ਭਾਵ ਵੀ ਉਨ੍ਹਾਂ ਫਾਰਸੀ ਵਿੱਚ ਕਾਨੀਬੰਦ ਕੀਤਾ ਹੋਇਆ ਹੈ। ਜਿਸ ਦਾ ਅਨੁਵਾਦ ਇਸ ਪ੍ਰਕਾਰ ਹੈ :

"ਤੁਸੀਂ ਸਾਰੇ ਇੱਕੋ ਧਰਮ ਦੇ ਧਾਰਨੀ ਬਣ-ਜਾਓ ਤਾਂ ਜੋ ਦੁਈ-ਦਵੈਤ ਵਿੱਚੋਂ ਨਿਕਲ ਹੀ ਜਾਏ। ਹਿੰਦੂ ਕੌਮ ਦੀਆਂ ਚਾਰ ਜਾਤਾਂ (ਬ੍ਰਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ) ਜਿਨ੍ਹਾਂ ਲਈ ਉਸ ਦੇ ਧਰਮ-ਸ਼ਾਸਤਰ ਵਿੱਚ ਵੱਖੋ-ਵੱਖਰੇ

ਨੇਮ ਨਿਯਮ ਹਨ, ਛੱਡ-ਛੁਡਾ ਕੇ ਇੱਕੋ ਪੰਥ ਦੇ ਪਾਂਧੀ ਬਣ ਕੇ, ਇੱਕੋ ਰੱਬ ਦੀ ਪ੍ਰੇਮਾ-ਭਗਤੀ ਅਖਤਿਆਰ ਕਰ ਲਓ। ਸਭ ਮਨੁੱਖਾਂ ਨੂੰ ਇੱਕ-ਸਮਾਨ ਸਮਝੋ ਅਤੇ ਕੋਈ ਵੀ ਆਪਣੇ ਆਪ ਨੂੰ ਹੋਰਨਾਂ ਨਾਲੋਂ ਉੱਚਾ ਜਾਂ ਵੱਡਾ ਨਾ ਗਿਣੇ। ਪੁਰਾਣੀਆਂ ਰਸਮਾਂ ਤੇ ਰਿਵਾਜ ਛੱਡ ਕੇ, ਅੱਗੇ ਵਧੋ ਤੇ ਤਰੱਕੀ ਕਰੋ।... ਗੁਰੂ ਨਾਨਕ ਅਤੇ ਉਨ੍ਹਾਂ ਦੀਆਂ ਗੁਰੂ-ਜੋਤਾਂ ਤੋਂ ਸਿਵਾਇ ਕਿਸੇ ਵੀ ਦੇਵੀ-ਦੇਵਤੇ ਉੱਤੇ ਵਿਸ਼ਵਾਸ਼ ਨਾ ਲਿਆਓ। ਚੋਹਾਂ ਜਾਤਾਂ ਦੇ ਲੋਕ ਮੇਰੀ ਖੰਡੇ-ਦੀ-ਪਾਹੁਲ (ਅੰਮ੍ਰਿਤ) ਛਕ ਕੇ, ਇੱਕੋ ਭਾਂਡੇ ਵਿੱਚੋਂ ਭੋਜਨ ਛਕਣ ਅਤੇ ਇੱਕ-ਦੂਜੇ ਨੂੰ ਸੁਧਾਰਨ ਦਾ ਜਤਨ ਕਰਨਾ।" [10]

ਭਰ-ਜਵਾਨ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀਆਂ ਸੁੱਤੀਆਂ ਸ਼ਕਤੀਆਂ ਨੂੰ ਜਗਾ ਕੇ, ਉਨ੍ਹਾਂ ਵਿੱਚ ਇੱਕ ਅਨੂਠੀ ਤੇ ਅਗੰਮੀ ਰੂਹ ਫੂਕ ਦਿੱਤੀ। ਉਨ੍ਹਾਂ ਦੇ ਤਨ ਅਤੇ ਮਨ ਨੂੰ 'ਚੜ੍ਹਦੀ ਕਲਾ' ਦੀ ਜਾਗ ਲਾ ਕੇ ਅਤੇ ਭਗਤੀ ਤੇ ਸ਼ਕਤੀ ਦੀ ਖੱਲ੍ਹ ਚਾੜ੍ਹ ਕੇ, ਉਨ੍ਹਾਂ ਨੂੰ ਸੱਚੇ ਤੇ ਸੁੱਚੇ ਸੰਤ-ਸਿਪਾਹੀ ਬਣਾ ਕੇ, ਅਤੇ 'ਦੇਗ ਤੇਗ ਫਤਹਿ' ਦਾ ਨਿਸ਼ਾਨ ਬਖ਼ਸ਼ ਕੇ, ਸਮਕਾਲੀ ਕਵੀ, ਭਾਈ ਗੁਰਦਾਸ ਸਿੰਘ ਜੀ, ਦੇ ਸ਼ਬਦਾਂ ਵਿੱਚ, ਇੱਕ ਨਵੇਂ, ਅਨੂਠੇ ਤੇ ਤੇਜੱਸਵੀ ਪੰਥ ਦੀ ਪੱਕੀ-ਪੀਡੀ ਨੀਂਹ ਵੀ ਰੱਖ ਦਿੱਤੀ।

1. *ਨਿਜ ਪੰਥ ਚਲਾਇਓ ਖਾਲਸਾ,*
*ਧਰਿ ਤੇਜ ਕਰਾਰਾ।* [11]

2. *ਗੁਰਬਰ ਅਕਾਲ ਕੇ ਹੁਕਮ ਸੋ,*
*ਉਪਜਿਓ ਬਿਗਿਆਨਾ।*
*ਤਬ ਸਹਿਜੇ ਰਚਿਓ ਖਾਲਸਾ, ਸਾਬਤ ਮਰਦਾਨਾ।*
*ਇਉ ਉਠੇ ਸਿੰਘ ਭਭਕਾਰ ਕੇ, ਸਭ ਜਗ ਡਰਪਾਨਾ।*
*ਜਿਨ ਗੋਬਿੰਦ ਕੇ ਹੁਕਮ ਸੋ, ਗਰਿ ਖੜਗ ਦਿਖਾਨਾ।*
*ਤਿਹ ਸਭ ਦੁਸ਼ਟਨ ਕਉ ਛੇਦ ਕੇ, ਅਕਾਲ ਜਪਾਨਾ।*
*ਇਉ ਤੀਸਰ ਪੰਥ ਰਚਾਇਅਨ, ਵਡ ਸੂਰ ਗਹੇਲਾ।*
*ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰ ਚੇਲਾ।* [12]

ਅਤੇ ਇਉਂ ਪ੍ਰਭੂ-ਪ੍ਰਮਾਤਮਾ ਜੀ ਵਲੋਂ ਲਾਏ ਹੋਏ ਇਸ ਪਾਵਨ ਫਰਜ਼ ਨੂੰ ਇਉਂ ਅਦਾਅ ਕਰ ਵਿਖਾਇਆ :

*ਮੈਂ ਆਪਨਾ ਸੁਤਿ ਤੋਹਿ ਨਿਵਾਜਾ,*
*ਪੰਥੁ ਪ੍ਰਚੁਰ ਕਰਬੇ ਕਹ ਸਾਜਾ।*
*ਜਾਹਿ ਤਹਾਂ ਤੇ ਧਰਮੁ ਚਲਾਇ,*
*ਕੁਬੁਧਿ ਕਰਨ ਤੇ ਲੋਕ ਹਟਾਇ।*

ਨਾਲ ਹੀ ਆਪਣੇ ਇਸ ਜੀਵਨ-ਮਨੋਰਥ ਨੂੰ ਵੀ ਇਉਂ ਅਮਲੀ ਜਾਮਾ ਪੁਆ ਦਿੱਤਾ :

3. *ਯਾ ਹੀ ਕਾਜ ਧਰਾ ਹਮ ਜਨਮੰ,*
*ਸਮਝ ਲੇਹੁ ਸਾਧੂ ਸਭ ਮਨਮੰ।*
*ਧਰਮ ਚਲਾਵਨ, ਸੰਤ ਉਬਾਰਨ,*
*ਦੁਸ਼ਟ ਸਭਨ ਕੋ ਮੂਲ ਉਪਾਰਨ।* [12-ੲ]

◆

ਫਿਰ ਇਸ ਪੰਥ ਦੇ ਪਾਂਧੀਆਂ ਵਿੱਚ ਧਾਰਮਕ ਪਵਿੱਤਰਤਾ, ਸਦਾਚਾਰਕ ਸੁਹਿਰਦਤਾ, ਸਰੀਰਕ ਵਿਲੱਖਣਤਾ, ਸਮਾਜਕ ਸੁਤੰਤਰਤਾ ਤੇ ਰਾਜਨੀਤਕ ਸਥਿਰਤਾ ਲਿਆਉਣ ਲਈ ਇੱਕ ਅਦੁੱਤੀ ਤੇ ਆਦਰਸ਼ਕ ਜਹੀ ਜਾਤੀ ਤੇ ਜਮਾਤੀ ਰਹਿਤ-ਮਰਯਾਦਾ (code of conduct) ਵੀ ਨਿਯਤ ਕਰ ਦਿੱਤੀ।

ਉਨ੍ਹਾਂ ਨੂੰ ਸਭ ਤੋਂ ਨਿਆਰੇ ਦਿਸਣ ਤੇ ਇੱਕੋ ਲੜੀ ਵਿੱਚ ਪਰੁੱਚੇ ਰਹਿਣ ਲਈ, ਇੱਕ ਵਿਕੋਲਿਤਰੀ ਜਹੀ ਵਰਦੀ ਵੀ ਪੁਆ ਦਿੱਤੀ। ਜਿਸ ਬਾਰੇ ਸਪੱਸ਼ਟ ਤੌਰ ਤੇ ਆਖਿਆ ਕਿ :

*ਨਿਸ਼ਾਨੇ ਸਿੱਖੀ ਈ ਪੰਜ ਹਰਫ ਕਾਫ,*
*ਹਰਗਿਜ਼ ਨ ਬਾਸੰਦ ਈ ਪੰਜ ਮੁਆਫ।*
*ਕੜਾ, ਕਾਰਦੋ, ਕੱਛ, ਕੰਘਾ ਬਿਦਾਂ,*
*ਬਿਲਾ ਕੇਸ ਹੇਚ ਅੰਦ ਜੁਮਲਾ, ਨਿਸ਼ਾਂ।*

ਅਰਥਾਤ, "ਅੱਗੇ ਤੋਂ ਸਿੱਖ ਦੀ ਨਿਸ਼ਾਨੀ ਇਹ ਪੰਜ 'ਕੱਕਾਰ' ਹੋਣਗੇ, ਜਿਨ੍ਹਾਂ ਦੀ ਛੋਟ ਕਦੇ ਵੀ ਨਹੀਂ ਦਿੱਤੀ ਜਾ ਸਕਦੀ : ਕੜਾ, ਕਿਰਪਾਨ, ਕੱਛ, ਕੰਘਾ ਅਤੇ ਕੇਸ਼। ਪਰ ਚੇਤੇ ਰੱਖਣਾ, ਕੇਸਾਂ ਬਿਨ੍ਹਾਂ ਬਾਕੀ ਸਾਰੇ ਨਿਸ਼ਾਨ ਤੁੱਛ ਸਮਝੇ ਜਾਣਗੇ।" ਇਹ ਇਸ ਲਈ ਕਿ ਉਸ ਨਵੇਂ ਸਾਜੇ ਪੰਥ ਦੀ ਪਹਿਲੀ ਮੁੱਖ ਨਿਸ਼ਾਨੀ ਹੀ, ਭਾਈ ਕੇਸਰ ਸਿੰਘ ਛਿੱਬਰ ਅਨੁਸਾਰ ਵੀ, ਇਹੋ ਭਾਵ ਕੇਸ, ਹੀ ਰੱਖੀ ਗਈ ਸੀ :

1. *ਅਤੇ ਪੰਥ ਕੀਤਾ ਜੁਦਾ,*
*ਨਿਸ਼ਾਨੀ ਕੇਸ ਲਾਏ।...*

2. *ਨਾਈ ਦਾ ਹੱਥ ਸੀਸ ਚਿਹਰੇ ਨ ਲਗਾਣਾ ਪਾਵੇ,*
*ਕੇਸਾਧਾਰੀ ਗੁਰੂ ਕਾ ਪੰਥ ਕਹਾਵੇ।* [13]

ਸੌ ਵਿਸਵੇ, ਜਿੱਥੇ 'ਕੜੇ' ਨੂੰ ਫੌਲਾਦੀ ਸ਼ਕਤੀ ਤੇ ਪਰਤੱਗਿਆ, ਅਤੇ 'ਕਿਰਪਾਨ' ਨੂੰ ਉਪਕਾਰ ਤੇ ਸਵੈ-ਰੱਖਿਆ ਦਾ ਚਿੰਨ੍ਹ ਨਿਯਤ ਕੀਤਾ; ਉੱਥੇ 'ਕੱਛ' ਨੂੰ

ਆਚਰਣਕ ਤੇ 'ਕੰਘੇ' ਨੂੰ ਸਰੀਰਕ ਸੁੱਚਮ ਦੇ ਸੰਕੇਤ ਹੋਣ ਦਾ ਮਾਣ ਦਿੱਤਾ। 'ਕੇਸਾਂ' ਬਾਰੇ ਦਿੱਤੀ ਇਸ ਵਿਸ਼ੇਸ਼ ਹਦਾਇਤ ਤੋਂ ਸਪੱਸ਼ਟ ਹੈ ਕਿ ਸਤਿਗੁਰੂ ਜੀ ਨੇ ਇਸ ਜਮਾਂਦਰੂ ਤੇ ਸਦੀਵੀਂ ਚਿੰਨ੍ਹ ਨੂੰ ਰਜ਼ਾ ਲਈ ਰਜ਼ਾਮੰਦੀ, ਕੌਮੀ ਸਪਿਰਿਟ ਦੀ ਕਸਵੱਟੀ, ਸਿੱਖ-ਸਰੂਪ ਦੀ ਪਛਾਣ ਅਤੇ ਪੰਥਕ ਜਥੇਬੰਦੀ ਦੀ ਗਾਰੰਟੀ ਮਿਥਿਆ ਸੀ। ਇਉਂ ਇਹ ਪੰਜ ਕੱਕਾਰ ਜਿੱਥੇ ਖਾਲਸੇ ਦੀ ਅਜਿਹੀ ਅੰਤ੍ਰੀਵ ਮਾਨਸਕ ਦਸ਼ਾ ਦੇ ਬਾਹਰਲੇ ਚਿੰਨ੍ਹ ਬਣੇ ਸਨ, ਉੱਥੇ ਉਸ ਦੀ ਸ਼ਾਨ, ਸ਼ਕਤੀ ਤੇ ਸ਼ਨਾਖ਼ਤ ਦੇ ਸਦੀਵੀ ਪ੍ਰਤੀਕ ਵੀ ਬਣ ਉੱਭਰੇ ਸਨ।

ਫਿਰ ਅਜਿਹੀ ਵਿਲੱਖਣ ਵਰਦੀ ਪਹਿਨਣ ਵਾਲੇ ਸੰਤ-ਸਿਪਾਹੀਆਂ ਲਈ ਜੋ ਆਦਰਸ਼ ਨਿਯਤ ਕੀਤਾ, ਉਹ ਵੀ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬਾਹਰਲੇ ਚਿੰਨ੍ਹ ਧਾਰਨ ਕਰਨ ਵਾਲਿਆਂ ਨੂੰ ਅੰਦਰਲੇ ਦੈਵੀ ਗੁਣ ਵਿਕਸਾਉਣ ਲਈ ਵੀ ਉਦੋਂ ਹੀ ਬੜੀ ਭਰਵੀਂ ਤਾਕੀਦ ਕਰ ਦਿੱਤੀ ਸੀ। ਉਨ੍ਹਾਂ ਭਾਣੇ ਅਸਲ 'ਖਾਲਸਾ' ਅਖਵਾਉਣ ਦਾ ਹੱਕਦਾਰ ਹੀ ਉਹ ਸੀ, ਹੈ ਅਤੇ ਹੋਵੇਗਾ, ਜੋ :

*ਜਾਗਤਿ ਜੋਤਿ ਜਪੈ ਨਿਸਿ ਬਾਸੁਰ,*
*ਏਕ ਬਿਨਾ ਮਨਿ ਨੈਕ ਨ ਆਨੈ।*
*ਪੂਰਨ ਪ੍ਰੇਮ ਪ੍ਰਤੀਤਿ ਸਜੇ,*
*ਬ੍ਰਤ, ਗੋਰ, ਮੜ੍ਹੀ, ਮਟ ਭੂਲ ਨ ਮਾਨੇ।*
*ਪੂਰਨ ਜੋਤਿ ਜਗੈ ਘਟ ਮੈ,*
*ਤਬ ਖਾਲਿਸ ਤਾਹਿ ਨਖਾਲਿਸ ਜਾਨੈ।* [14]

ਇਉਂ ਕੇਵਲ ਇੱਕੋ ਰੱਬ ਉੱਤੇ ਵਿਸ਼ਵਾਸ ਰੱਖਣ ਤੇ ਸਿਰਫ ਉਸੇ ਦੀ ਉਪਾਸ਼ਨਾ ਕਰਨ ਲਈ ਤਾਕੀਦ ਕਰਦਿਆਂ; ਅਤੇ ਸਭ ਮਨੁੱਖਾਂ ਨੂੰ ਉਸੇ ਇੱਕ ਸੰਤਾਨ ਤੇ ਇੱਕ-ਸਮਾਨ ਸਮਝਣ ਲਈ ਹਦਾਇਤ ਕਰਦਿਆਂ ਫਰਮਾਇਆ :

*ਮਾਨਸ ਸਬੈ ਏਕ, ਪੈ ਅਨੇਕ ਕੋ ਭ੍ਰਮਾਉ ਹੈ...*
*ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ।* [15]
*ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ।*
*ਏਕ ਹੀ ਸਰੂਪ ਸਬੈ, ਏਕੈ ਜੋਤਿ ਜਾਨਬੋ।...* [16]

ਇਸ ਤਰ੍ਹਾਂ, ਉਸ ਨੂੰ ਇੱਕ ਆਦਰਸ਼ਕ ਜੀਵਨ-ਜਾਚ ਵੀ ਦਸਦਿਆਂ ਆਖਿਆ : "ਉਹ ਆਪਣੇ ਘਰ ਨੂੰ ਹੀ ਜੰਗਲ ਸਮਝ ਕੇ, ਦਿਲੋਂ ਸਾਧੂ ਬਣੇ। ਪ੍ਰਮਾਤਮਾ ਦੀ ਯਾਦ ਵਿੱਚ ਰਹਿੰਦਿਆਂ; ਅਤੇ ਜੀਵਨ ਦੇ ਹੋਰ ਫ਼ਰਜ਼ ਅਤੇ ਜ਼ਿੰਮੇਵਾਰੀਆਂ ਨਿਭਾਉਂਦਿਆਂ; ਨਾਮ-ਸਿਮਰਨ, ਨੇਕੀ, ਪਿਆਰ, ਸੁੱਚਮ, ਸੰਜਮ, ਸੰਤੋਖ, ਉੱਤਮ ਤੇ ਪਰਉਪਕਾਰ ਵਰਗੇ ਸ਼ੁਭ ਗੁਣਾਂ ਦਾ ਧਾਰਨੀ ਹੋ ਕੇ ਜੀਵਨ ਬਤੀਤ ਕਰੇ :

*ਰੇ ਮਨ ਐਸੋ ਕਰਿ ਸੰਨਿਆਸਾ*
*ਬਨ ਸੇ ਸਦਨ ਸਬੈ ਕਰਿ ਸਮਝਹੁ*
*ਮਨ ਹੀ ਮਾਹਿ ਉਦਾਸਾ।*
*ਜਤ ਕੀ ਜਟਾ, ਜੋਗ ਕੋ ਮਜਨ,*
*ਨੇਮ ਕੇ ਨਖੁਨ ਬਢਾਓ।*
*ਗਿਆਨ-ਗੁਰੂ ਆਤਮ ਉਪਦੇਸਹੁ,*
*ਨਾਮੁ ਬਿਭੂਤ ਲਗਾਓ।*
*ਅਲਪ ਅਹਾਰ, ਸੁਲਪ ਸੀ ਨਿੰਦ੍ਰਾ,*
*ਦਯਾ, ਛਿਮਾ ਤਨ ਪ੍ਰੀਤਿ।*
*ਸੀਲ ਸੰਤੋਖ ਸਦਾ ਨਿਰਬਾਹਿਬੋ,*
*ਹਵੈਬੋ ਤ੍ਰਿਗੁਣ ਅਤੀਤ।...* [17]

ਅਜਿਹੀ ਵਰਦੀ, ਆਦਰਸ਼ ਤੇ ਜੀਵਨ-ਜਾਚ ਦੇ ਪੰਧਾਊਆਂ ਲਈ, ਪਰਉਪਕਾਰ ਤੇ ਸ੍ਵੈ-ਰੱਖਿਆ ਨੂੰ ਮੁੱਖ ਰਖਦਿਆਂ, ਸ਼ਸ਼ਤਰਬੱਧ ਤੇ ਤਿਆਰ-ਬਰ-ਤਿਆਰ ਰਹਿਣਾ ਵੀ ਜ਼ਰੂਰੀ ਦੱਸਿਆ। ਸ਼ਸ਼ਤਰਾਂ ਦੀ ਲੋੜ ਤੇ ਮਹੱਤਾ ਦਾ ਜ਼ਿਕਰ ਕਰਦਿਆਂ ਤਾਂ ਦਸਮੇਸ਼ ਜੀ ਨੇ ਫਿਰ ਇੱਥੋਂ ਤੱਕ ਆਖ ਦਿੱਤਾ :

*ਅਸਿ, ਕ੍ਰਿਪਾਨ, ਖੰਡੋ, ਖੜਗ,*
*ਤੁਪਕ, ਤਬਰ ਅਰੁ ਤੀਰ।*
*ਸੈਫ, ਸਰੋਹੀ, ਸੈਥੀ,*
*ਇਹੈ ਹਮਾਰੈ ਪੀਰ।* [18]

◆

ਅਜਿਹੀ ਸ਼ਸਤਰਾਂ ਤੇ ਅਸ਼ਤਰਾਂ ਦੀ ਦਰਸਾਈ ਗਈ ਅਜਿਹੀ ਪਾਵਨਤਾ ਤੇ ਮਹਾਨਤਾ ਨੇ ਸਦੀਆਂ ਤੋਂ ਭੈ-ਭੀਤ ਹੋਏ ਭਾਰਤੀ ਹਿਰਦਿਆਂ ਵਿੱਚ ਨਿਰਭੈਤਾ ਭਰਨ ਦਾ ਜੋ ਸਫਲ ਉਪਰਾਲਾ ਕੀਤਾ; ਜਨ-ਸਾਧਾਰਨ ਨੂੰ ਉਨ੍ਹਾਂ ਦੀ ਵਰਤੋਂ ਸਿਖਾ ਕੇ ਰਣਭੂਮੀ ਵਿੱਚ ਜੂਝਣ ਲਈ ਜਿਵੇਂ ਤਿਆਰ-ਬਰ-ਤਿਆਰ ਕਰ ਦਿੱਤਾ; ਅਤੇ ਸਮੇਂ ਦੀ ਸਭ ਤੋਂ ਵੱਡੀ ਸਲਤਨੱਤ ਨਾਲ ਟੱਕਰ ਲੈਣ ਲਈ ਉਨ੍ਹਾਂ ਦੇ ਤਨ ਤੇ ਮਨ ਵਿੱਚ ਜਿਸ ਤਰ੍ਹਾਂ ਦੇ ਸਾਹਸ, ਸੂਰਬੀਰਤਾ ਤੇ 'ਚੜ੍ਹਦੀ ਕਲਾ' ਦੀ ਸਪਿਰਿਟ ਫੂਕ ਕੇ ਉਨ੍ਹਾਂ ਦੀ ਕਾਇਆ-ਕਲਪ ਹੀ ਕਰ ਦਿੱਤੀ, ਉਹ ਡੋਰਥੀ ਫੀਲਡ ਦੇ ਹੇਠ ਲਿਖੇ ਕਥਨ ਅਨੁਸਾਰ :

Of no other religion can it be said that it has made a nation in so short a time. That it should have transformed the outcast Indian... into a fine and loyal warrior, is little short of a miracle.

ਅਰਥਾਤ ਦੁਨੀਆਂ ਦੇ ਹੋਰ ਕਿਸੇ ਵੀ ਧਰਮ ਬਾਰੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਸ ਇੰਨੇ ਥੋੜ੍ਹੇ ਸਮੇਂ ਵਿੱਚ ਇੱਕ ਕੌਮ ਤਿਆਰ ਕਰ ਦਿੱਤੀ ਹੋਵੇ। ਇਸ ਨੇ ਸਮਾਜ ਵਲੋਂ ਛੇਕੇ ਹੋਏ ਅਛੂਤ ਹਿੰਦੁਸਤਾਨੀ ਦੀ ਕਾਇਆ-ਕਲਪ ਕਰ ਕੇ, ਜਿਵੇਂ ਉਸ ਨੂੰ ਇੱਕ ਵਧੀਆ ਤੇ ਸਿਦਕਵਾਨ ਯੋਧਾ ਬਣਾ ਦਿੱਤਾ, ਉਹ ਕਿਸੇ ਕ੍ਰਿਸ਼ਮੇ-ਕਰਾਮਾਤ ਤੋਂ ਘੱਟ ਨਹੀਂ ਸੀ। [19]

ਇਸ ਤਰ੍ਹਾਂ ਦੇ ਨਿਤਾਣੇ, ਨਿਮਾਣੇ ਤੇ ਨਿਹੱਥੇ ਲੋਕਾਂ ਵਿੱਚ ਚੜ੍ਹਦੀ ਕਲਾ ਵਾਲਾ ਜੀਉਂਦਾ-ਜਾਗਦਾ, ਚਾਅ ਤੇ ਉਤਸ਼ਾਹ ਭਰਿਆ ਜੀਵਨ ਸੰਚਾਰਨ ਲਈ; ਸਦੀਆਂ ਤੋਂ ਨਿਸੱਲ ਤੇ ਸ਼ਿਥਲ ਪਈ ਹੋਈ ਕੌਮ ਨੂੰ ਹਲੂਣਨ ਲਈ; ਉਸ ਦੇ ਚਿਹਨ-ਚੱਕਰ ਵਿੱਚ ਇਨਕਲਾਬੀ ਤਬਦੀਲੀ ਲਿਆਉਣ ਲਈ; ਅਤੇ ਧਰਮ-ਯੁੱਧ ਵਿੱਚ ਜੂਝਣ ਦੇ ਯੋਗ ਤੇ ਸਮਰੱਥ ਬਣਾਉਣ ਲਈ, ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕਰਾਮਾਤ ਕਰ ਵਿਖਾਈ ਸੀ, ਉਸ ਦੀ ਪ੍ਰੇਰਕ, ਪ੍ਰਚਾਰਕ ਤੇ ਪ੍ਰਵਰਤਕ ਸ਼ਕਤੀ ਉਨ੍ਹਾਂ ਦੀ ਚਮਤਕਾਰੀ ਤਲਵਾਰ ਦੇ ਨਾਲ ਨਾਲ ਉਨ੍ਹਾਂ ਦੀ ਕ੍ਰਾਂਤੀਕਾਰੀ ਕਲਮ ਵੀ ਸੀ ਜਿਨ੍ਹਾਂ ਦੀ ਸਾਂਝੀ ਤੇ ਸੁਚੱਜੀ ਵਰਤੋਂ ਨੇ ਹਿੰਦੁਸਤਾਨ ਦੇ ਧਾਰਮਕ, ਸਮਾਜਕ, ਸਾਹਿਤਕ, ਸੱਭਿਆਚਾਰਕ ਤੇ ਰਾਜਨੀਤਕ ਖੇਤਰਾਂ ਵਿੱਚ ਕੇਵਲ ਜਾਗ੍ਰਤੀ ਹੀ ਨਹੀਂ ਲਿਆਂਦੀ, ਇਨਕਲਾਬ ਵੀ ਬਰਪਾਅ ਕਰ ਦਿੱਤਾ ਸੀ।

ਫਿਰ ਇਹ ਕੁਝ ਅਤੇ ਇੰਨਾ ਕੁਝ ਕਰ ਕੇ ਤੇ ਆਖ ਕੇ ਵੀ ਬਸ ਨਹੀਂ ਕੀਤੀ। ਅਜਿਹਾ ਵਿਲੱਖਣ ਰੂਪ ਤੇ ਰਹਿਤ ਦੇਣ ਵਾਲੇ ਸਤਿਗੁਰੂ ਨੇ ਆਪਣੀ ਮੁਬਾਰਕ 'ਜ਼ਾਤ' ਨੂੰ ਵੀ ਆਪੇ ਪੈਦਾ ਕੀਤੀ ਇਸ ਅਨੂਠੀ 'ਜਮਾਤ' ਵਿੱਚ 'ਅਭੇਦ' ਕਰਦਿਆਂ, ਇਸ ਹਕੀਕਤ ਦਾ ਐਲਾਨ ਵੀ ਕਰ ਦਿੱਤਾ ਸੀ ਕਿ :

*ਖਾਲਸਾ ਮੇਰੋ ਰੂਪ ਹੈ ਖਾਸ,*
*ਖਾਲਸੇ ਮਹਿ ਹਉ ਕਰੋ ਨਿਵਾਸ।*
*ਖਾਲਸਾ ਮੇਰੋ ਪਿੰਡ ਪਰਾਨ,*
*ਖਾਲਸਾ ਮੇਰੀ ਜਾਨ ਕੀ ਜਾਨ।* [20]

ਪਰ ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕਰ ਦਿੱਤਾ ਸੀ ਕਿ ਜੋ ਕੋਈ ਜਦੋਂ ਵੀ ਇਸ ਉੱਤੇ ਅਮਲ ਕਰੇਗਾ, ਉਹ ਨਾ ਕੇਵਲ ਮੇਰਾ ਸਿੱਖ ਅਖਵਾਉਣ ਦਾ ਹੀ ਹੱਕਦਾਰ ਹੋਵੇਗਾ, ਸਗੋਂ ਮੈਂ ਉਸ ਨੂੰ ਆਪਣਾ 'ਠਾਕਰ' ਤੇ ਆਪਣੇ ਆਪ ਨੂੰ ਉਸ ਦਾ 'ਚੇਲਾ' ਵੀ ਅਖਵਾਉਣ ਵਿੱਚ ਮਾਣ ਮਹਿਸੂਸ ਕਰਾਂਗਾ

*ਰਹਿਣੀ ਰਹੇ, ਸੋਈ ਸਿੱਖ ਮੇਰਾ,*
*ਵਹ ਠਾਕੁਰ, ਮੈਂ ਉਸ ਕਾ ਚੇਰਾ।* [21]

ਅਤੇ ਭਾਈ ਕੁਇਰ ਸਿੰਘ ਅਨੁਸਾਰ, ਇਸ ਗੱਲ ਦਾ ਯਕੀਨ ਵੀ ਦੁਆ ਦਿੱਤਾ ਸੀ ਕਿ :

*ਜੋ ਸਿੱਖ ਰਹਤ ਧਰੇ ਮੋ ਪਸਾਰਾ,*
*ਅੰਗ ਸੰਗ ਤਾ ਕੋ ਹੈ ਸਾਰਾ।* [22]

◆

ਦਸਵੇਂ ਪਾਤਸ਼ਾਹ ਜੀ ਦੇ ਬਖਸ਼ੇ ਹੋਏ ਉਕਤ ਅਨੋਖੇ ਸਰੂਪ ਤੇ ਅਨੂਠੀ ਸਪਿਰਿਟ ਨੂੰ ਧਾਰਣ ਤੇ ਨਿਭਾਉਣ ਵਿੱਚ ਹੀ ਖਾਲਸੇ ਦੇ ਪਾਵਨ ਜਨਮ ਅਤੇ ਖਾਲਸਾ ਪੰਥ ਦੀ ਚਮਤਕਾਰੀ ਸਾਜਣਾ ਵਿਦਮਾਨ ਹੈ, ਜਿਸ ਨੂੰ ਬਾਅਦ ਵਿੱਚ ਇਉਂ ਕਹਿ ਕੇ ਨਿਰੂਪਿਆ ਤੇ ਸਨਮਾਨਿਆ ਗਿਆ ਸੀ :

*ਖਾਲਸਾ ਅਕਾਲਪੁਰਖ ਕੀ ਫੌਜ,*
*ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ।* [23]

ਅਤੇ ਜਿਸ ਨੇ ਆਉਂਦੇ ਸਮੇਂ ਵਿੱਚ ਵੀ ਅਜਿਹੇ ਜੌਹਰ ਵਿਖਾਏ ਜਿਨ੍ਹਾਂ ਨੂੰ ਮੁਖ ਰਖਦਿਆਂ ਉਸ ਦੇ ਵਦੇਸ਼ੀ ਵੈਰੀ ਵੀ ਹੈਰਾਨੀ-ਭਰੀ ਪ੍ਰਸ਼ੰਸਾ ਕਰਨੋਂ ਰੁਕ ਨਾ ਸਕੇ। ਮਿਸਾਲ ਵਜੋਂ, ਹਿੰਦੁਸਤਾਨ ਦੀ ਇੱਜ਼ਤ ਤੇ ਦੌਲਤ ਲੁੱਟਣ ਲਈ ਅਹਿਮਦ ਸ਼ਾਹ ਅਬਦਾਲੀ ਵਲੋਂ ਸੰਨ 1764-65 ਵਿੱਚ ਕੀਤੇ ਗਏ ਸੱਤਵੇਂ ਹੱਲੇ ਵਿੱਚ ਸ਼ਾਮਲ ਇੱਕ ਬਲੋਚ ਬਿਰਤਾਂਤਕਾਰ, ਕਾਜ਼ੀ ਨੂਰ ਮੁਹੰਮਦ, ਨੇ ਆਪਣੇ ਦੇਸ-ਵਾਸੀਆਂ ਨੂੰ ਉਨ੍ਹਾਂ ਗੁਰਸਿੱਖਾਂ (ਖਾਲਸਿਆਂ) ਦੇ ਕੁਝ ਅਜਿਹੇ ਗੁਣਾਂ, ਘਾਲਾਂ ਤੇ ਕਾਰਨਾਮਿਆਂ ਦੀ ਦੱਸ ਪਾਉਂਦਿਆਂ, ਸੰਨ 1765 ਵਿੱਚ ਜੋ ਕੁਝ ਲਿਖਿਆ ਸੀ, ਉਸ ਉੱਤੇ ਕੋਈ ਵੀ ਦੇਸ਼, ਕੋਈ ਵੀ ਕੌਮ ਜਿੰਨਾਂ ਵੀ ਮਾਣ ਕਰੇ, ਥੋੜ੍ਹਾ ਹੈ।

ਡੂੰਘੇ ਤਅੱਸਬ, ਘਿਰਣਾ ਅਤੇ ਵੈਰ-ਭਾਵ ਤੋਂ ਪ੍ਰੇਰਿਤ ਨੂਰ ਮੁਹੰਮਦ ਨੇ ਆਪਣੇ ਸਾਰੇ 'ਜੰਗਨਾਮੇ' ਵਿੱਚ ਸਿੱਖਾਂ ਲਈ ਉਨ੍ਹਾਂ ਦੀ ਸਦੀਵੀ ਲਕਬ 'ਸਿੰਘ' (ਭਾਵ ਸ਼ੇਰ), ਦੀ

ਥਾਂ 'ਸਗ' (ਭਾਵ ਕੁੱਤੇ) ਸ਼ਬਦ ਵਰਤਿਆ; ਉਨ੍ਹਾਂ ਦੀ ਹੇਠ-ਲਿਖੀ ਉਸਤਤ ਵੀ ਉਸੇ ਘਿਰਣਾ-ਪੂਰਤ ਸ਼ਬਦ ਨਾਲ ਹੀ ਸ਼ੁਰੂ ਕਰਦਿਆਂ ਅਤੇ ਆਪਣੀ ਗਲਤ-ਬਿਆਨੀ ਵੀ ਸਵੀਕਾਰ ਕਰਦਿਆਂ, ਉਸ ਨੇ ਬੜੀ ਅਸਚਰਜ ਦਲੇਰੀ ਦੇ ਦਿਆਨਤਦਾਰੀ ਨਾਲ ਲਿਖਿਆ ਸੀ :

"ਇਨ੍ਹਾਂ ਕੁੱਤਿਆਂ ਨੂੰ 'ਕੁੱਤੇ' ਨਾ ਆਖੋ, ਕਿਉਂਕਿ ਇਹ ਤਾਂ ਨਿਰੇ-ਪੁਰੇ ਸ਼ੇਰ ਹਨ; ਅਤੇ ਰਣਭੂਮੀ ਵਿੱਚ ਸ਼ੇਰਾਂ ਵਾਂਗ ਹੀ ਦਲੇਰ ਤੇ ਬਹਾਦਰ ਹਨ।... ਜੇ ਤੁਸੀਂ ਲੜਾਈ ਦਾ ਹੁਨਰ ਸਿੱਖਣਾ ਚਾਹੁੰਦੇ ਹੋ ਤਾਂ ਮੈਦਾਨ ਵਿੱਚ ਉਨ੍ਹਾਂ ਦੇ ਆਮ੍ਹੋ-ਸਾਹਮਣੇ ਆ ਜਾਓ... ਅਤੇ ਦੁਸ਼ਮਣ ਨਾਲ ਸੂਰਬੀਰਾਂ ਵਾਂਗ ਟੱਕਰ ਲੈਣ ਤੇ ਮੁੱਠਭੇੜ ਵਿੱਚੋਂ ਸਲਾਮਤੀ ਨਾਲ ਨਿਕਲ ਜਾਣ ਦੀ ਜਾਚ ਵੀ ਉਨ੍ਹਾਂ ਪਾਸੋਂ ਸਿੱਖ ਲਵੋ।... ਸੱਚੀ, ਉਹ ਤਾਂ ਜੰਗ ਦੇ ਸਮੇਂ ਸ਼ੇਰਾਂ ਵਾਂਗ ਬਹਾਦਰ ਹਨ, ਅਤੇ ਅਮਨ ਦੇ ਸਮੇਂ ਹਾਤਿਮਤਾਈ ਵਾਂਗ ਹੀ ਸਖੀ ਹਨ। ਜਦੋਂ ਉਹ ਤਲਵਾਰਾਂ ਚੁੱਕ ਲੈਂਦੇ ਹਨ ਤਾਂ ਹਿੰਦ ਤੋਂ ਲੈ ਕੇ ਸਿੰਧ ਤੱਕ ਦਾ ਸਾਰਾ ਇਲਾਕਾ ਗਾਹ ਸੁੱਟਦੇ ਹਨ।... ਉਨ੍ਹਾਂ ਵਿੱਚੋਂ ਹਰ ਕਿਸੇ ਦਾ ਸਰੀਰ ਚੱਟਾਨ ਦੇ ਟੋਟੇ ਵਾਂਗ ਹੈ, ਅਤੇ ਉਨ੍ਹਾਂ ਵਿੱਚੋਂ ਹੀ ਕੋਈ ਰੋਅਬਦਾਬ ਵਿੱਚ, ਪੰਜਾਹ ਬੰਦਿਆ ਤੋਂ ਵੀ ਵੱਧ ਪ੍ਰਭਾਵਸ਼ਾਲੀ ਹੈ। ਲੜਾਈ ਸਮੇਂ ਉਹ ਛਾਲਾਂ ਮਾਰਦੇ ਤੇ ਸ਼ੇਰਾਂ ਵਾਂਗ ਦਹਾੜਦੇ ਮੈਦਾਨ ਵਿੱਚ ਦਾਖਲ ਹੁੰਦੇ ਹਨ।.. ਅਜਿਹੇ ਬਾ-ਕਮਾਲ ਲੜਨ ਢੰਗ ਦੇ ਮਾਲਕ ਹੋਣ ਤੋਂ ਛੁੱਟ, ਉਹ ਹੋਰ ਲੜਾਕੂ ਕੌਮਾਂ ਤੋਂ ਕਈ ਹੋਰ ਗੁਣਾਂ ਵਿੱਚ ਵੀ ਮੋਹਰੀ ਹਨ। ਉਹ ਕਿਸੇ ਬੁਜ਼ਦਿਲ ਬੰਦੇ ਨੂੰ ਕਦੇ ਵੀ ਨਹੀਂ ਮਾਰਦੇ, ਕਿਸੇ ਭਗੌੜੇ ਦੇ ਰਾਹ ਵਿੱਚ ਕਦੇ ਵੀ ਕੋਈ ਰੋਕ ਨਹੀਂ ਪਾਉਂਦੇ। ਉਹ ਕਿਸੇ ਅਮੀਰ ਜਾਂ ਗਰੀਬ ਇਸਤਰੀ ਦੀ ਦੌਲਤ ਜਾਂ ਗਹਿਣੇ ਕਦੇ ਵੀ ਨਹੀਂ ਲੁੱਟਦੇ। ਉਨ੍ਹਾਂ ਵਿੱਚ ਦੁਰਾਚਾਰੀ ਤੇ ਚੋਰ-ਚਕਾਰੀ ਦਾ ਵੀ ਨਾਂ-ਨਿਸ਼ਾਨ ਨਹੀਂ। ਕੋਈ ਚੋਰ ਤੇ ਸੰਨ੍ਹਮਾਰ, ਉਨ੍ਹਾਂ ਵਿੱਚ ਮਾਨੋ, ਕਦੇ ਜੰਮਿਆ ਹੀ ਨਹੀਂ। ਉਹ ਤਾਂ ਹੋਰ ਕੌਮਾਂ ਦੇ ਦੁਰਾਚਾਰੀਆਂ ਤੇ ਸੰਨ੍ਹਮਾਰਾਂ ਨਾਲ ਕੋਈ ਸਬੰਧ ਨਹੀਂ ਰੱਖਦੇ।"... [24]

ਉਪਰੋਕਤ ਅਦੁੱਤੀ ਘਟਨਾ ਤੇ ਅਨੂਠੇ ਕੌਤਕ ਸਦਕੇ, ਉਸ ਇਤਿਹਾਸਕ ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਖੇ ਜੋ ਕੁਝ ਵਾਪਰਿਆ ਅਤੇ ਉਸ ਦੇ ਜੋ ਜੁਗ-ਪਲਟਾਊ ਨਤੀਜੇ ਨਿਕਲੇ, ਉਹਨਾਂ ਵਿੱਚੋਂ ਕੇਵਲ ਇੱਕ ਦਾ ਜ਼ਿਕਰ ਕਰਦਿਆਂ, ਸਿੱਖ ਧਰਮ ਦੇ ਸਭ ਤੋਂ ਪਹਿਲੇ ਪੱਛਮੀ ਇਤਿਹਾਸਕਾਰ, ਕੈਪਟਨ ਕਨਿੰਘਮ, ਨੇ ਉਸ ਘਟਨਾ ਤੋਂ ਡੇਢ ਸੌ ਸਾਲ ਬਾਅਦ ਇਹ ਜੋ ਲਿਖਿਆ ਤੇ ਸੰਨ 1849 ਵਿੱਚ ਪ੍ਰਕਾਸ਼ਿਆ ਸੀ, ਉਸ ਵਿੱਚ ਵੀ ਕੋਈ ਅਤਿਕਥਨੀ ਨਹੀਂ ਅਤੇ ਉਹ ਇੰਨ-ਬਿੰਨ ਅੱਜ ਤੱਕ, ਹੁਣ ਤੱਕ ਠੀਕ ਹੈ।

A living spirit possesses the whole Sikh people, and the impress of Gobind has not only elevated and altered the constitution of their minds but has operated materially and given amplitude to their physical frames the features and external form of a whole people have been modified... Notwithstanding these changes, it has been usual to regard the Sikhs as... essentially Hindu... In religious faith and worldly aspirations, they are wholly different from other Indians, and they are bound together by a Community of inward santiment and of outward object unknown elsewhere. [25]

ਅਰਥਾਤ, "ਸਮੂਹ ਸਿੱਖ ਕੌਮ ਵਿੱਚ ਇੱਕ ਸਜੀਵ ਜਹੀ ਰੂਹ ਸਿੰਜਰੀ ਹੋਈ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛਾਪ ਨੇ ਉਨ੍ਹਾਂ ਦੇ ਮਨਾਂ ਦੀ ਕੇਵਲ ਬਣਤਰ ਨੂੰ ਹੀ ਨਹੀਂ ਵਟਾਇਆ ਤੇ ਉਚਿਆਇਆ, ਉਨ੍ਹਾਂ ਨੂੰ ਸਗੋਂ ਬੜੇ ਸਥੂਲ ਤੌਰ ਤੇ ਉਭਾਰਿਆ ਵੀ ਹੈ; ਅਤੇ ਉਨ੍ਹਾਂ ਦੇ ਸਰੀਰਕ ਢਾਂਚੇ ਨੂੰ ਸ਼ਕਤੀ, ਵਿਸਤਾਰ ਤੇ ਵਡਿੱਤਣ ਵੀ ਬਖ਼ਸ਼ੀ ਹੈ। ਅਸਲ ਵਿੱਚ, ਸਮੁੱਖੀ ਕੌਮ ਦਾ ਚਿਹਰਾ-ਮੁਹਰਾ ਤੇ ਰੰਗ-ਰੂਪ ਹੀ ਬਦਲਾ ਦਿੱਤਾ ਹੈ...। ਅਜਿਹੀਆਂ ਪ੍ਰਤੱਖ ਤਬਦੀਲੀਆਂ ਦੇ ਬਾਵਜੂਦ, ਸਿੱਖਾਂ ਨੂੰ ਹਿੰਦੂ ਹੀ ਸਮਝੇ ਜਾਣ ਦਾ ਰਿਵਾਜ ਪਿਆ ਰਿਹਾ ਹੈ।... ਪ੍ਰੰਤੂ ਧਾਰਮਕ ਨਿਸਚੇ ਅਤੇ ਸੰਸਾਰਕ ਉੱਚ-ਭਾਵਨਾ ਵਿੱਚ ਬਾਕੀ ਸਭ ਹਿੰਦੁਸਤਾਨੀਆਂ ਤੋਂ ਸੰਪੂਰਨ ਤੌਰ ਤੇ ਭਿੰਨ, ਵੱਖਰੇ ਤੇ ਵਿਕੋਲਿਤਰੇ ਹਨ। ਉਹ ਇੱਕ ਅਜਿਹੇ ਅੰਤਰਮੁਖੀ ਜਜ਼ਬੇ ਅਤੇ ਬਾਹਰਮੁਖੀ ਮੰਤਵ ਤੇ ਸਰੂਪ ਦੀ ਸਾਂਝ ਨਾਲ ਬੱਝੇ ਹੋਏ ਹਨ ਜੋ ਹੋਰ ਕਿਤੇ ਵੀ ਨਜ਼ਰ ਨਹੀਂ ਆਉਂਦੀ। [25]

ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਹੋਏ ਇਸ ਵਿਲੱਖਣ

ਸਰੂਪ ਤੇ ਅਨੂਠੀ ਸਪਿਰਿਟ ਦੇ ਕਰਾਮਾਤੀ ਪ੍ਰਭਾਵ ਤੇ ਬੇਮਿਸਾਲ ਪ੍ਰਾਪਤੀ ਦਾ ਇਹ ਜ਼ਿਕਰ ਕੈਪਟਨ ਜੋਜ਼ਫ ਡੇਵਿਡ ਕਨਿੰਘਮ (1812-1851) ਨੇ ਆਪਣੇ ਦੇਸ਼ਵਾਸੀਆਂ, ਭਾਵ ਅੰਗਰੇਜ਼ਾਂ, ਵਲੋਂ ਸਿੱਖਾਂ ਦਾ ਰਾਜ-ਭਾਗ ਖੋਹਣ ਲਈ ਲੜੀਆਂ ਗਈਆਂ ਲੜਾਈਆਂ (ਸੰਨ 1845-48 ਵਿਚਾਲੇ) ਵਿੱਚ ਭਰਵੀਂ ਸ਼ਮੂਲੀਅਤ ਅਤੇ ਉਨ੍ਹਾਂ ਬਾਰੇ ਵਰ੍ਹਿਆਂ ਬੱਧੀ ਪਹਿਲ ਹੱਥੀ ਜਾਣਕਾਰੀ ਦੀ ਪ੍ਰਾਪਤੀ ਤੋਂ ਬਾਅਦ, ਸੰਨ 1849 ਵਿੱਚ ਪ੍ਰਕਾਸ਼ੀ ਆਪਣੀ ਸੰਸਾਰ-ਪ੍ਰਸਿੱਧ 'ਹਿਸਟਰੀ ਆਫ ਦੀ ਸਿੱਖਸ' ਵਿੱਚ ਕੀਤਾ ਸੀ। ਉਸ ਦਾ ਇਹ ਬਿਆਨ ਖਾਲਸੇ ਦੀ ਸੁਭਾਵਕ ਸ਼ਕਤੀ, ਉੱਘੜਵੀਂ ਵਿਸ਼ੇਸ਼ਤਾ, ਸਰਬਕਾਲੀ ਅਨੁਕੂਲਤਾ (relevance) ਅਤੇ ਸਰਬਪੱਖੀ 'ਚੜ੍ਹਦੀ ਕਲਾ ਦੀ ਅਜੇ ਵੀ ਮੂੰਹੋਂ-ਬੋਲਦੀ ਗਵਾਹੀ ਹੈ।

◆

1699 ਦੀ ਵਿਸਾਖੀ ਵਾਲੇ ਦਿਨ ਬਖ਼ਸ਼ੇ ਗਏ ਅਜਿਹੇ ਵਿਲੱਖਣ ਸਰੂਪ ਤੇ ਅਦੁੱਤੀ ਸਪਿਰਿਟ ਦੀ ਕਾਇਮੀ-ਦਾਇਮੀ ਵਿੱਚ ਹੀ, ਮੇਰੀ ਜਾਚੇ, ਸਿੱਖ ਧਰਮ ਤੇ ਖਾਲਸਾ ਪੰਥ ਦੀ ਬਰਕਰਾਰੀ, ਸਦ-ਬਹਾਰੀ ਅਤੇ ਚੜ੍ਹਦੀ ਕਲਾ ਨਿਰਭਰ ਹੈ। ਭਾਰਤੀ ਸੱਭਿਅਤਾ ਤੇ ਸੱਭਿਆਚਾਰ ਦੀ ਬਰਕਰਾਰੀ ਅਤੇ ਮਾਨਵ ਜਾਤੀ ਦੀ ਸਰਦਾਰੀ ਕਾਇਮ ਰੱਖਣ ਵਿੱਚ ਵੀ ਜੋ ਪਰਉਪਕਾਰੀ ਤੇ ਯਾਦਗਾਰੀ ਸੇਵਾ ਇਸ ਨੇ ਪਿਛਲੀਆਂ ਤਿੰਨ ਸਦੀਆਂ ਵਿੱਚ ਕੀਤੀ ਹੈ, ਉਸ ਦੇ ਵੇਗ ਦੀ ਨਿਰੰਤਰਤਾ ਵੀ ਇਸੇ ਉੱਤੇ ਨਿਰਭਰ ਜਾਪਦੀ ਹੈ। ☬

---


1. Latif, Syed Mohammad, History of the Punjab, Calcutta - 1891, Page 263.
2. ਕੋਇਰ ਸਿੰਘ, ਭਾਈ, ਗੁਰਬਿਲਾਸ ਪਾਤਸ਼ਾਹੀ 10, ਅੰਮ੍ਰਿਤਸਰ - 1751; ਸੰਪਾਦਿਤ ਵਲੋਂ ਸ. ਸ਼ਮਸ਼ੇਰ ਸਿੰਘ ਅਸ਼ੋਕ, ਪਟਿਆਲਾ - 1968, ਪੰਨਾ 127
3. ਗੁਰੂ ਅਰਜਨ ਦੇਵ ਜੀ ਵਲੋਂ ਸੰਕਲਿਤ ਤੇ ਸੰਪਾਦਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਮ੍ਰਿਤਸਰ - 1604, ਸਲੋਕ ਮ: 1, ਪੰਨਾ. 1412
4. ਗੁਰਦਾਸ ਸਿੰਘ, ਭਾਈ, ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ, ਅਨੰਦਪੁਰ - ਅਣਮਿਤਿਤ, ਪਉੜੀ 1
5. ਸੰਤੋਖ ਸਿੰਘ, ਭਾਈ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਕੈਥਲ 18431 ਸੰਪਾਦਿਤ ਵਲੋਂ ਭਾਈ ਵੀਰ ਸਿੰਘ, ਅੰਮ੍ਰਿਤਸਰ - 1926 - 31, ਗ੍ਰੰਥਾਵਲੀ, ਪੰਨਾ 5059
6. ਰਾਮਕਲੀ ਕੀ ਵਾਰ, ਉਹੀ, ਪਉੜੀ ਨੰ: 1
7. ਉਕਤ
8. ਸੈਨਾਪਤਿ, ਚੰਦਰ ਸੈਨ, ਸ੍ਰੀ ਗੁਰ ਸੋਭਾ, ਵਜ਼ੀਰਾਬਾਦ - 1711, ਸੰਪਾਦਿਤ ਵਲੋਂ ਡਾ. ਗੰਡਾ ਸਿੰਘ, ਪਟਿਆਲਾ - 198, ਪੰਨਾ 120
9. ਸਰਕਾਰੀ ਰਿਪੋਟ ਮਿਤੀ 18 ਅਪ੍ਰੈਲ 1699, ਵੇਖੋ: ਅਹਿਮਦ ਸ਼ਾਹ ਬਟਾਲੀਆ ਕ੍ਰਿਤ ਤਵਾਰੀਖੇ ਹਿੰਦ, ਬਟਾਲਾ - 1818, ਖਾਲਸਾ ਕਾਲਜ, ਅੰਮ੍ਰਿਤਸਰ ਦੀ ਹੱਥ-ਲਿਖਤ ਫਾਰਸੀ ਨੰ: ਸ ਬ ਰ/1291, ਪੰਨਾ 377 ਹੋਰ ਵੇਖੋ: ਤਵਾਰੀਖੇ ਪੰਜਾਬ, ਕ੍ਰਿਤ ਗੁਲਾਮ ਮੁਹੱਈ - ਉਦ-ਦੀਨ (ਬੂਟੇ ਸ਼ਾਹ), ਲੁਧਿਆਣਾ - 1840, ਖਾਲਸਾ ਕਾਲਜ, ਅੰਮ੍ਰਿਤਸਰ ਫਾਰਸੀ ਹੱਥ ਲਿਖਤ ਨੰ: ਸ ਹ ਰ/1288, ਪੰਨਾ 405-406
10. ਉਕਤ ਅਤੇ ਵੇਰਵੇ ਲਈ ਵੇਖੋ: Dr. Hanam Singh Shan's paper Guru Gobind Singh's Address at Vaisakhi Congregation of 1699. The Sikh Review, Calcutta, March - 1999: Guru Gobind Singh's Sermon on the Mound at Anandpur. Advance, Chandigarh, April -June, 1999, Page 3-7; From Both Sides of the Ocean, Bloomfield Hills, U.S.A., March-April 1999, Page 11-14; Khalsa 2000, Lilburn, U.S.A., April-Oct. 1999, No. 6; The Sikh International Courier, London, Spring Summer 1999, Page 39-42; The Sikh Review,

Calcutta - June 1999, Page 45-51

11. ਵਾਰ ਰਾਮਕਲੀ, ਉਹੀ, ਪਉੜੀ ਨੰ: 15

12. ਉਕਤ, ਪਉੜੀ ਨੰ: 16

12-ਏ. ਗੁਰੂ ਗੋਬਿੰਦ ਸਿੰਘ, ਸ੍ਰੀ ਦਸਮ ਗ੍ਰੰਥ ਸਾਹਿਬ, ਆਨੰਦਪੁਰ - 1696 (ਲਪ.), ਭਾਈ ਮਨੀ ਸਿੰਘ ਸ਼ਹੀਦ ਵਲੋਂ ਸੰਕਲਿਤ, ਅੰਮ੍ਰਿਤਸਰ - 17341; ਸਟਿਪਿਤ ਤੇ ਸੰਪਾਦਿਤ ਵਲੋਂ ਭਾਈ ਬਣਧੀਰ ਸਿੰਘ, ਪਟਿਆਲਾ - 1973, ਬਚਿੱਤਰ ਨਾਟਕ, ਕਾਂਡ 6, ਪਦ 29 ਤੇ 43, ਪੰਨਾ 73-74

13. ਛਿੱਬਰ, ਡਾ. ਕੇਸਰ ਸਿੰਘ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਦਾ, ਅੰਮ੍ਰਿਤਸਰ - 1769; ਸੰਪਾਦਿਤ ਵਲੋਂ ਡਾ. ਰਤਨ ਸਿੰਘ ਜੱਗੀ, ਚੰਡੀਗੜ੍ਹ - 1972, ਪੰਨਾ 126 ਤੇ 129

14. ਗੁਰੂ ਗੋਬਿੰਦ ਸਿੰਘ, ਸ੍ਰੀ ਦਸਮ ਗ੍ਰੰਥ ਸਾਹਿਬ, ਅਨੰਦਪੁਰ - 1696 (ਲਪ.) ਭਾਈ ਮਨੀ ਸਿੰਘ ਸ਼ਹੀਦ ਜੀ ਵਲੋ. ਸੰਕਲਿਤ, ਅੰਮ੍ਰਿਤਸਰ - 1734; ਭਾਈ ਬਣਧੀਰ ਸਿੰਘ, ਪਟਿਆਲਾ - 1973, ਤੇਤੀ ਸਵੱਯੇ, ਨੰ: 1, ਪੰਨਾ 1235

15. ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਦਸਮ ਗ੍ਰੰਥ ਸਾਹਿਬ, ਉਕਤ, ਉਹੀ, ਕਬਿਤ ਸਵੈਯੇ।

16. ਉਹੀ।

17. ਉਕਤ, ਸ਼ਬਦ ਹਜ਼ਾਰੇ, ਰਾਗ ਰਾਮਕਲੀ, ਸ਼ਬਦ ਨੰ: 1, ਪੰਨਾ 1213

18. ਉਕਤ, ਸ਼ਸਤਰਨਾਮ ਮਾਲਾ, ਪਦ ਨੰ: 3, ਪੰਨਾ 1021

19. Field, Dorothy, Religion of the Sikhs, London - 1914, Page 35

20. ਗੁਰੂ ਗੋਬਿੰਦ ਸਿੰਘ ਜੀ ਦੇ ਸ਼ੁਭ ਨਾਂ ਨਾਲ ਸਬੰਧਿਤ, ਸ੍ਰੀ ਸਰਬਲੋਹ ਗ੍ਰੰਥ ਸਾਹਿਬ, ਅਨੰਦਪੁਰ - 1698 (ਲਪ.) ਬੁੱਢਾ ਦਲ ਵਲੋਂ ਪ੍ਰਕਾਸ਼ਿਤ, ਅਨੰਦਪੁਰ ਸਾਹਿਬ - 1970 (ਲਪ.), ਪੰਨਾ 531

21. ਦੇਸਾ ਸਿੰਘ, ਭਾਈ, ਰਹਿਤਨਾਮਾ

22. ਸੁੱਖਾ ਸਿੰਘ, ਗੁਰ ਬਿਲਾਸ, ਉਹੀ, ਪੰਨਾ 287

23. ਸ੍ਰੀ ਸਰਬ ਲੋਹ ਗ੍ਰੰਥ, ਉਹੀ, ਪੰਨਾ 532

24. ਨੂਰ ਮੁਹੰਮਦ, ਕਾਜ਼ੀ, ਜੰਗਨਾਮਾ, ਗੰਜਾਬਾ (ਬਲੋਚਿਤਾਨ) - 1763 ਈ., ਕਾਂਡ ਨੰ: 41, ਡਾ. ਗੰਡਾ ਸਿੰਘ ਵਲੋਂ ਸੰਪਾਦਿਤ ਪਾਠ, ਅੰਮ੍ਰਿਤਸਰ - 1939, ਪੰਨਾ 1566-59

25. Cunningham, History of the Sikhs, op. cit., London - 1849, reprint, New Delhi - 1985, Page 75-76



CEAT

*With compliments from*

*Kuldip Singh*

Phone: 773884 (S)
547195 (R)

EXIDE

SINGH Cycle & AUTO INDUSTRIES

Authorised Dealers : Exide Battries, Pennzoil Lubricants, Ceat, Good Year, TVS tyres-tubes, Car Parts etc.

**Shop No. 36, Sector : 15-D, Chandigarh**

Resi. : H.No. 548, Sector : 10-D, Chandigrh

PENNZOIL

# ਖਾਲਸਾ

ਸਤਨਾਮ ਕੌਰ ★

**ਖਾਲਸਾ ਦਾ ਅਰਥ ਹੈ :**

ਖਾਲਸ, ਸ਼ੁਧ, ਜਿਸ ਵਿੱਚ (ਵਿਕਾਰਾਂ ਦੀ) ਮਿਲਾਵਟ ਨਾ ਹੋਵੇ, Pure, Independent.

(ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ : ਭਾਈ ਵੀਰ ਸਿੰਘ ਜੀ)

**ਖਾਲਸਾ ਦੇ ਦੋ ਐਸਪੈਕਟ ਹਨ :**

1. **ਬਾਹਰੀ ਰੂਪ** -ਅੰਮ੍ਰਿਤ ਪਾਨ ਕਰਨਾ, ਕਕਾਰ ਧਾਰਨੇ ਜਿਸ ਦੇ ਬਾਰੇ ਅਸੀਂ ਸਾਰੇ ਜਾਣਦੇ ਹਾਂ। ਕਕਾਰ ਧਾਰਨ ਕਰਨ ਨਾਲ ਸਾਡੇ ਵਿੱਚ ਡਿਸਿਪਲਨ ਆ ਜਾਂਦਾ ਹੈ ਤੇ ਅਸੀਂ ਵਿਕਾਰਾਂ ਤੋਂ ਬਚੇ ਰਹਿੰਦੇ ਹਾਂ।

2. **ਖਾਲਸੇ ਦਾ ਮਨ** -ਖਾਲਸੇ ਦਾ ਮਨ ਪੂਰੀ ਤਰ੍ਹਾਂ ਨਿਰਮਲ ਤੇ ਸ਼ੁਧ ਹੋਣਾ ਚਾਹੀਦਾ ਹੈ।

ਇਸ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ ਦਵਾਰਾ ਸਾਨੂੰ ਸਮਝਾਉਂਦੇ ਹਨ।

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ।*

(ਸਰਬ ਲੋਹ ਗ੍ਰੰਥ)

ਭਾਵ ਜਿਸ ਨੇ ਆਪਣੇ ਅੰਦਰ ਦੀ ਆਤਮਾ ਨੂੰ ਮਹਿਸੂਸ ਕੀਤਾ ਹੈ ਜਿਸ ਨੂੰ ਹਰ ਘੜੀ ਖੁਸ਼ੀ ਤੇ ਅਨੰਦ ਹੈ।

*ਖਾਲਸਾ ਸੋਇ ਨਾਮ ਰਤਿ ਲਾਗੇ।*

(ਭਾਈ ਨੰਦ ਲਾਲ ਜੀ)

ਭਾਵ ਜਿਸ ਦਾ ਮਨ ਨਾਮ ਵਿੱਚ ਰਤਿਆ ਹੋਇਆ ਹੈ। ਜਿਸ ਨੂੰ ਹਰ ਵੇਲੇ ਪ੍ਰਭੂ ਚੇਤੇ ਰਹਿੰਦਾ ਹੈ।

*ਪੂਰਨ ਜੋਤ ਜਗੈ ਘਟ ਮੈ,*
*ਤਬ ਖਾਲਸ ਤਾਹਿ ਨ ਖਾਲਸ ਜਾਨੈ।*

(ਸਰਬ ਲੋਹ ਗ੍ਰੰਥ)

ਭਾਵ ਜਿਸ ਨੇ ਹਿਰਦੇ ਵਿੱਚ ਪੂਰਨ ਜੋਤ ਦਾ ਪ੍ਰਕਾਸ਼ ਮਹਿਸੂਸ ਕੀਤਾ ਹੈ ਉਸ ਨੂੰ ਖਾਲਸਾ ਸਮਝੋ ਨਹੀਂ ਤਾਂ ਉਸ ਨੂੰ ਨਾ-ਖਾਲਸ (ਅਸ਼ੁੱਧ) ਹੀ ਸਮਝੋ।

**ਆਪਣੇ ਮਨ ਨੂੰ ਖਾਲਸ ਕਿਵੇਂ ਬਣਾਈਏ?**

ਇਸ ਦਾ ਉੱਤਰ ਜਾਨਣ ਲਈ ਪਹਿਲਾਂ ਆਪਣੇ ਮਨ ਨੂੰ ਚੰਗੀ ਤਰ੍ਹਾਂ ਸਮਝਣਾ ਪਏਗਾ।

◆ ਵਾਹਿਗੁਰੂ ਜੀ ਨੇ ਸਾਨੂੰ ਇੱਕ ਬੜੀ ਕੀਮਤੀ ਚੀਜ਼ ਦਿੱਤੀ ਹੈ ਉਹ ਹੈ ਸਾਡਾ ਮਨ।

◆ ਮਨ ਦੀ ਇਤਨੀ ਸ਼ਕਤੀ ਹੈ ਕਿ ਇੱਕ ਦਿਨ ਵਿੱਚ ਇਸ ਵਿੱਚ 50 ਹਜ਼ਾਰ ਖਿਆਲ ਆਉਂਦੇ ਹਨ (Based on scientific research)

◆ ਮਨ ਬੜਾ ਸ਼ਰਾਰਤੀ ਹੈ।

◆ ਮਨ ਦੀ ਇੱਕ ਹੋਰ ਖੂਬੀ ਹੈ ਕਿ ਇਹ ਸਾਨੂੰ ਦਿਸਦਾ ਨਹੀਂ। ਅਸੀਂ ਸਾਰੇ ਇੱਕ ਦੂਸਰੇ ਦਾ ਚੇਹਰਾ ਤਾਂ ਦੇਖ ਸਕਦੇ ਹਾਂ ਪਰ ਮਨ ਨਹੀਂ ਦੇਖ ਸਕਦੇ।

◆ ਇਸ ਕਰਕੇ ਮਨ ਨੂੰ ਪੂਰੀ ਆਜ਼ਾਦੀ ਮਿਲ ਜਾਂਦੀ ਹੈ ਕਿ ਉਹ ਆਪਣੇ ਅੰਦਰ ਬੁਰੇ ਵਿਚਾਰ ਰੱਖੇ ਜਾਂ ਚੰਗੇ।

◆ ਅਕਸਰ ਅਸੀਂ ਜੋ ਮੂੰਹੋਂ ਬੋਲਦੇ ਹਾਂ ਉਹ ਸਾਡੇ ਮਨ ਵਿੱਚ ਨਹੀਂ ਹੁੰਦਾ। ਮਨ ਵਿੱਚ ਕੁਝ ਹੋਰ ਹੁੰਦਾ ਹੈ।

*ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।*

(488)

◆ ਮਨ ਵਿੱਚ ਕੁਝ ਹੋਰ ਤੇ ਮੁੱਖ ਤੋਂ ਕੁਝ ਹੋਰ - ਇਸ ਨਾਲ ਸਾਡਾ ਮਨ ਮੈਲਾ ਹੋ ਜਾਂਦਾ ਹੈ।

◆ ਮੈਲੇ ਮਨ ਨਾਲ ਕੀਤੇ ਹੋਏ ਸਾਰੇ ਕੰਮ ਮੈਲੇ ਹੋ ਜਾਂਦੇ ਹਨ। ਗੁਰਬਾਣੀ ਇਸ ਬਾਰੇ ਸਾਨੂੰ ਸਮਝਾਉਂਦੀ ਹੈ :

*ਮਨਿ ਮੈਲੈ ਸਭ ਕਿਛੁ ਮੈਲਾ,*
*ਤਨਿ ਧੋਤੈ, ਮਨੁ ਹਛਾ ਨ ਹੋਇ।*

(558)

*ਜੀਅਹੁ ਮੈਲੇ ਬਾਹਰਹੁ ਨਿਰਮਲ,*
*ਬਾਹਰਹੁ ਨਿਰਮਲ ਜੀਅਉ ਤ ਮੈਲੇ*
*ਤਿਨੀ ਜਨਮੁ ਜੂਐ ਹਾਰਿਆ।*

(919)

*ਮਨਿ ਮੈਲੈ ਭਗਤਿ ਨ ਹੋਵਈ,*
*ਨਾਮੁ ਨ ਪਾਇਆ ਜਾਇ।*

(39)

ਜੇ ਆਪਣੇ ਮਨ ਨੂੰ ਖਾਲਸ ਬਣਾਉਣਾ ਹੈ ਤਾਂ ਸਾਡਾ ਹਰ ਵਿਚਾਰ ਖਾਲਸ ਹੋਣਾ ਚਾਹੀਦਾ ਹੈ।

ਗੁਰਬਾਣੀ ਸਾਨੂੰ ਸਰਲ ਰਸਤਾ ਦੱਸਦੀ ਹੈ :

*ਮਨ ਧੋਵਹੁ ਸਬਦਿ ਲਾਗਹੁ*

(919)

ਭਾਵ ਸ਼ਬਦ ਨਾਲ ਮਨ ਨੂੰ ਧੋਣਾ ਹੈ। ਪ੍ਰਭੂ ਦੀ ਉਸਤਤ ਕਰਨੀ ਹੈ। ਇਸ ਨਾਲ ਮਨ ਸਾਫ ਹੁੰਦਾ ਹੈ।

*ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ।*

(263)

ਸਿਮਰਨ ਕਰਨ ਨਾਲ ਮਨ ਦੀ ਮੈਲ ਉਤਰਦੀ ਹੈ। ਏਥੇ ਇੱਕ ਗਲ ਖਾਸ ਧਿਆਨ ਦੇਣ ਯੋਗ ਹੈ ਕਿ

★ # Salvodor, Shastri Nagar, Andheri West, Mumbai - 53

ਸਿਮਰਨ ਕਰਨਾ ਯਾਨੀ ਵਾਹਿਗੁਰੂ ਨੂੰ ਚੇਤੇ ਵਿੱਚ ਰਖਣਾ।

*ਗੁਨ ਗਾਵਤ ਤੇਰੀ ਉਤਰਸਿ ਮੈਲੁ*

(289)

ਵਾਹਿਗੁਰੂ ਜੀ ਦੇ ਗੁਣ ਗਾਉਣੇ ਹਨ। ਇਸ ਤਰ੍ਹਾਂ ਮਨ ਦੀ ਮੈਲ ਉਤਰਦੀ ਹੈ।

**ਗੁਣ ਗਾਉਣ ਦੇ ਕੀ ਫਾਈਦੇ ਹਨ?**

- ਜਿਉਂ ਜਿਉਂ ਮਨ ਰੱਬ ਜੀ ਦੀ ਉਸਤਤ ਕਰਦਾ ਹੈ ਤਿਉਂ ਤਿਉਂ ਮਨ ਦੀ ਮੈਲ ਉਤਰਦੀ ਹੈ।
- ਮਨ ਦੇ ਵਿਕਾਰ ਘਟਦੇ ਹਨ ਭਾਵ ਚੰਚਲਤਾ ਘਟਦੀ ਹੈ।
- ਵਿਕਾਰ ਛੁਟਦੇ ਜਾਂਦੇ ਅਤੇ ਰੱਬੀ ਗੁਣ ਪ੍ਰਗਟ ਹੁੰਦੇ ਜਾਂਦੇ ਹਨ।
- ਮਨ ਸਥਿਰ ਹੋ ਜਾਂਦਾ ਹੈ।

*ਮਾਈ ਮੈ ਧਨੁ ਪਾਇਓ ਹਰਿ ਨਾਮੁ*
*ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ।*

(1186)

Conclusion : ਅਸੀਂ ਸਾਰੇ ਖਾਲਸ ਚੀਜ਼ਾਂ ਪਸੰਦ ਕਰਦੇ ਹਾਂ ਦੁੱਧ, ਘੀ, ਅਨਾਜ, ਸੋਨਾ ਆਦਿ ਸਭ ਖਾਲਸ ਹੋਣਾ ਚਾਹੀਦਾ ਹੈ ਕਿਉਂਕਿ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਖਾਲਸ ਚੀਜ਼ ਕੀਮਤੀ ਹੈ। ਜੇ ਸਾਨੂੰ ਮਿਲਾਵਟ ਪਸੰਦ ਨਹੀਂ ਤਾਂ ਸਾਡੇ ਗੁਰੂ ਜੀ ਨੂੰ ਸਾਡਾ ਮਿਲਾਵਟੀ ਮਨ ਕਿਸ ਤਰ੍ਹਾਂ ਪਸੰਦ ਆਏਗਾ!

ਆਓ ਅੱਜ ਅਰਦਾਸ ਕਰੀਏ ਹੇ ਖਾਲਸਾ ਪੰਥ ਦੇ ਸਾਜਣ ਵਾਲੇ, ਹੇ ਅੰਮ੍ਰਿਤ ਦੇ ਦਾਤੇ ਸਾਡੀ ਵਿਕਾਰਾਂ ਦੀ ਮੈਲ ਦੂਰ ਕਰੋ ਤੇ ਅਸੀਂ ਸ਼ੁਧ ਤੇ ਨਿਰਮਲ ਮਨ ਵਾਲੇ ਖਾਲਸੇ ਬਣ ਸਕੀਏ।


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ ਇੱਕੋ-ਇੱਕ ਆਵਾਜ਼

**ਸਿੱਖ ਲੀਗ** (ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8

ਫੋਨ : 5707096

**THE SIKH REVIEW**

**(A Monthly Magazine)**

**116, Karnani Mansion**

**25-A, Park Street, Calcutta**


## Today

Mend a quarrel. Search out a forgotten friend. Dismiss suspicion and replace it with trust. Write a love letter. Share some treasure. Give a soft answer. Encourage youth. Manifest your loyalty in a word or deed.

Keep a promise. Find the time. Forego a grudge. Forgive an enemy. Listen. Apologize if you were wrong. Try to understand. Flout envy. Examine your demands on others. Think first of someone else. Appreciate, be kind, be gentle. Laugh a little more.

Deserve confidence. Take up arms against malice. Decry complacency. Express your gratitude. Worship your God. Gladden the heart of a child. Take pleasure in the beauty and wonder of the earth. Speak your love. Speak it again. Speak it still again. Speak it still once again.

*With best compliments from a wellwisher*

# ਰਤੇ ਸੇਈ ਜੇ ਮੁਖ ਨ ਮੋੜੰਨਿ

ਪ੍ਰੋ. ਬਲਵਿੰਦਰ ਸਿੰਘ ★

ਕੁਦਰਤ ਦਾ ਸੁਭਾਅ ਹੈ, ਕੁਦਰਤ ਦਾ ਮਤਲਬ ਹੀ ਸੁਭਾਅ ਹੈ। ਅਕਾਲ ਪੁਰਖ ਦੇ ਪੁਜਾਰੀ ਕੁਦਰਤ ਵਿੱਚੋਂ ਕਰਤੇ ਦੇ ਦਰਸ਼ਨ ਕਰਦੇ ਹਨ। ਕੁਦਰਤ ਪਾਤਾਲੀ, ਆਕਾਸ਼ੀ ਸਾਡੇ ਅੰਦਰ, ਬਾਹਰ ਦਿਸਦੇ ਜੀਆਂ ਅਤੇ ਸਰਬ ਜਹਾਨ ਵਿੱਚ ਵਿਆਪ ਰਹੀ ਹੈ। ਵਾਹਿਗੁਰੂ ਦਾ ਨਾਮ ਪਵਿੱਤਰ ਹੈ ਤੇ ਉਸ ਪਵਿੱਤਰਤਾ ਤੇ ਪਾਕੀਜ਼ਗੀ ਨੂੰ ਨਾਮ ਵਿੱਚ ਰੱਤੇ ਨਿਰਮਲ ਪੁਰਖ ਸਹਿਜੇ ਹੀ ਦੇਖ ਲੈਂਦੇ ਹਨ।

ਗੁਰੂ ਸਾਹਿਬ ਪ੍ਰਮਾਤਮਾ ਨੂੰ ਲਾਲ, ਲਾਲ ਜੀਉ ਅਤੇ ਲਾਲਨ ਕਹਿ ਕੇ ਬੜੀ ਵਾਰੀ ਸੰਬੋਧਨ ਕਰਦੇ ਹਨ। ਬੇਸ਼ੱਕ ਰੰਗਾਂ ਦਾ ਵਖੇਵਾਂ ਗੁਰਮਤਿ ਨੇ ਨਹੀਂ ਮੰਨਿਆ, ਪਰ ਫਿਰ ਵੀ ਨਾਮ ਦੇ ਰਸੀਏ ਪੁਰਖਾਂ ਨੂੰ ਰੱਤੇ ਕਹਿ ਕੇ ਸਤਿਕਾਰਿਆ ਹੈ। ਰੱਤੇ ਦਾ ਭਾਵ ਲਾਲ ਹੀ ਹੈ। ਜਿਸ ਨੂੰ ਨਾਮ ਦਾ ਰੰਗ ਲੱਗ ਜਾਂਦਾ ਹੈ ਉਸ ਨੂੰ ਗੁਰੂ ਅਰਜਨ ਸਾਹਿਬ ਵੱਡੇ ਭਾਗਾਂ ਵਾਲੇ ਆਖਦੇ ਹਨ। ਹੁਕਮ ਹੈ-

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥*

(ਬਿਲਾਵਲ ਮਹਲਾ 5)

ਲਾਲਨ ਦੇ ਲਾਲ ਰੰਗ ਵਿੱਚ ਰੰਗੇ ਹੋਏ ਪੁਰਖਾਂ ਨੂੰ ਨਾ ਸਿਰਫ ਕੁਕਰਮਾਂ ਤੇ ਬੁੱਧ ਦੀ ਮੈਲ ਹੀ ਪੋਹ ਸਕਦੀ ਹੈ ਬਲਕਿ ਉਹ ਬਹੁਤ ਸ਼ਕਤੀਸ਼ਾਲੀ, ਦ੍ਰਿੜ ਤੇ ਮਜ਼ਬੂਤ ਹੁੰਦੇ ਹਨ। ਅਜਿਹੇ ਪੁਰਖ ਆਪਣੇ ਅਸੂਲਾਂ ਨਾਲ ਲਾਲ ਜੀ ਦੇ ਰੰਗ ਵਿੱਚ ਰੰਗ ਕੇ ਫਿਰ ਉਸੇ ਦੇ ਹੀ ਹੋ ਜਾਂਦੇ ਹਨ।

ਪਾਰਬ੍ਰਹਮ ਦਾ ਦਰਸ਼ਨ ਸਫਲ ਹੈ। ਪਾਰਬ੍ਰਹਮ ਖੁਦ ਹੀ ਸਫਲ ਦਰਸ਼ਨ ਹੈ। ਉਸ ਦੀ ਬਾਣੀ ਗੁਣਾਂ ਦਾ ਖਜ਼ਾਨਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ, ਜਿਹੜੇ ਤੇਰੇ ਇਹੋ ਜਿਹੇ ਦਾਸ ਹਨ, ਉਹਨਾਂ ਦੀ ਮੈਂ ਧੂੜ ਦਾ ਚਾਹਵਾਨ ਹਾਂ ਅਤੇ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ। ਫੁਰਮਾਨ ਹੈ -

*ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ॥*
*ਪਾਵਉ ਧੂਰਿ ਤੇਰੇ ਦਾਸ ਕੀ ਨਾਨਕੁ ਕੁਰਬਾਣੀ॥*

(ਬਿਲਾਵਲ ਮਹਲਾ 5)

ਕੁਦਰਤ ਵਿੱਚੋਂ ਨਿਰੰਕਾਰ ਆਪ ਬੋਲਦਾ ਭਾਸਦਾ ਹੈ। ਸੂਰਜ ਇਸ ਕੁਦਰਤ ਦਾ ਇੱਕ ਅਤਿਅੰਤ ਕੀਮਤੀ ਕ੍ਰਿਸ਼ਮਾ ਹੈ। ਵਾਹਿਗੁਰੂ ਚਾਨਣ ਹੈ ਤੇ ਜੋਤ ਹੈ। ਉਸੇ ਦੀ ਜੋਤ ਸਭਨਾਂ ਵਿੱਚ ਵਿਚਰ ਰਹੀ ਹੈ। ਸੂਰਜ ਚਾਨਣ ਤੇ ਸ਼ਕਤੀ ਦਾ ਸਰੋਤ ਹੈ। ਚਾਨਣ ਦਾ ਰੰਗ ਬੇਦਾਗ, ਸਾਫ, ਉਜਲਾ, ਚਿੱਟਾ, ਚਕਾਚੌਂਧ, ਚਮਕਦਾਰ ਅਤੇ ਚਮਤਕਾਰੀ ਹੈ। ਵਿਗਿਆਨੀਆਂ ਨੇ ਇਸ ਚਾਨਣ ਦਾ ਵਿਸ਼ਲੇਸ਼ਣ ਕਰਕੇ ਇਸ ਨੂੰ ਸਮਝਣ ਦਾ ਯਤਨ ਕੀਤਾ ਹੈ। ਪ੍ਰਕਾਸ਼ ਵਿੱਚ ਸੱਤ ਰੰਗ ਹਨ। ਇਹਨਾਂ ਹੀ ਰੰਗਾਂ ਦੇ ਮੇਲਜੋਲ ਨਾਲ ਹੋਰ ਅਨੇਕਾਂ ਰੰਗ ਬਣਦੇ ਹਨ। ਬਿਲਕੁਲ ਇਸੇ ਤਰ੍ਹਾਂ ਸਾਰੀ ਰਚਨਾ ਅਕਾਲ ਪੁਰਖ ਦਾ ਹੀ ਰੰਗ ਰੂਪ ਹੈ। ਇਸ ਨੂੰ ਜੇ ਅਸੀਂ ਸਮੁੱਚੇ ਤੌਰ ਤੇ ਦੇਖ ਪੇਖ ਤੇ ਸਮਝ ਲਈਏ ਤਾਂ ਉਸ ਇੱਕ ਤੋਂ ਬਗੈਰ ਹੋਰ ਕੋਈ ਦ੍ਰਿਸ਼ਟੀ ਗੋਚਰ ਨਹੀਂ ਹੋਵੇਗਾ।

ਪ੍ਰਕਾਸ਼ ਦੇ ਸੱਤਾਂ ਰੰਗਾਂ ਵਿੱਚੋਂ ਇੱਕ ਰੰਗ ਲਾਲ ਹੈ। ਸਾਰੇ ਰੰਗਾਂ ਦਾ ਮੁੜ ਅਲੱਗ-ਅਲੱਗ ਸੁਭਾਅ ਤੇ ਕਾਰਜ ਹੈ। ਪਰ ਲਾਲ ਰੰਗ ਬਹੁਤ ਵਿਲੱਖਣ ਵਿਸ਼ੇਸ਼ਤਾ ਦਾ ਮਾਲਕ ਹੈ। ਜਦੋਂ ਇਹ ਰੰਗ ਸਾਇੰਸ ਦੀ ਗਿਣਤੀ ਦੇ ਹਿਸਾਬ ਨਾਲ ਬੈਂਗਣੀ (ਵੁਆਇਲਟ), ਨੀਲਾਹਟ ਜਿਹਾ ਨੀਲਾ (ਇੰਡਿਗੋ), ਨੀਲਾ ਚਟਕ (ਬਿਲਯੂ), ਹਰਾ (ਗਰੀਨ), ਪੀਲਾ (ਯੈਲੋ), ਸੰਤਰੀ (ਔਰੇਂਜ) ਰੰਗ ਹਨ ਤੇ ਸੱਤਵਾਂ ਰੰਗ ਲਾਲ (ਰੈੱਡ) ਸਭ ਤੋਂ ਉੱਤੇ ਹੈ। ਦਰਅਸਲ ਲਾਲ ਰੰਗ ਆਪਣੀ ਵਿਲੱਖਣਤਾ ਕਾਰਨ ਪਹਿਲਾ ਰੰਗ ਹੈ। ਪ੍ਰਕਾਸ਼ ਦੀਆਂ ਕਿਰਨਾਂ ਜਦੋਂ ਕਿਸੇ ਮਾਧਿਅਮ ਵਿੱਚੋਂ ਲੰਘਦੀਆਂ ਹਨ ਤਾਂ ਉਹ ਕੁਝ ਕੁ ਮੁੜ ਕ੍ਰੇ ਰਤਾ ਕੁ ਜਿੰਨ੍ਹਾਂ ਕੋਣ ਬਣਾ ਕੇ ਲੰਘਦੀਆਂ ਹਨ। ਇਸੇ ਹੀ ਕਾਰਨ ਪਾਣੀ ਵਿੱਚ ਡਬੋਈ ਹੋਈ ਸਿੱਧੀ ਤੀਰ ਵਰਗੀ ਪੈਨਸਿਲ ਕੁਝ ਕੁ ਵਿੰਗੀ ਜਿਹੀ ਜਾਪਦੀ ਹੈ। ਵਿਗਿਆਨੀਆਂ ਨੇ ਵਿਸ਼ਲੇਸ਼ਣ ਕਰਕੇ ਦੱਸਿਆ ਹੈ ਕਿ ਮਾਧਿਅਮ ਦੀ ਤਬਦੀਲੀ ਕਾਰਨ ਕਿਰਨਾਂ ਆਪਣਾ ਰਾਹ ਮੋੜ ਕੇ ਲੰਘ ਜਾਂਦੀਆਂ ਹਨ। ਪਰ ਜੇ ਹੋਰ ਡੂੰਘੇਰਾ ਅਧਿਐਨ ਕੀਤਾ ਜਾਏ ਤਾਂ ਇਹ ਸਚਾਈ ਸਾਹਮਣੇ ਆ ਜਾਏਗੀ ਕਿ ਰੱਤੀਆਂ ਕਿਰਨਾਂ ਸਭ ਤੋਂ ਘੱਟ ਮੁੜਦੀਆਂ ਹਨ। ਇਹ ਪ੍ਰਕਾਸ਼ ਦਾ ਸੁਭਾਅ ਹੈ।

ਬਿਲਕੁਲ ਅਜਿਹਾ ਸੁਭਾਅ ਜੋਤੀ ਸਰੂਪ ਵਾਹਿਗੁਰੂ ਦੇ ਪ੍ਰਕਾਸ਼ ਨੂੰ ਮਾਨਣ ਵਾਲੇ ਤੇ ਉਸ ਵਿੱਚ ਰੰਗੇ ਰੱਤੇ ਪੁਰਖਾਂ ਦਾ ਹੈ। ਸੂਰਜ ਦਿਨ ਭਰ ਪ੍ਰਕਾਸ਼ ਦੇਂਦਾ ਹੈ। ਇਸੇ ਕਾਰਨ ਉਸ ਦੇ ਬਹੁਤ ਸਾਰੇ ਨਾਵਾਂ ਵਿਚੋਂ ਉਸ ਦਾ ਇੱਕ ਨਾਮ ਦਿਨਕਰ ਵੀ ਹੈ। ਸਾਰਾ ਦਿਨ ਇਸ ਦਾ ਪ੍ਰਕਾਸ਼ ਤੇਜਮਈ ਤੇ ਉਜਲਾ ਹੁੰਦਾ ਹੈ। ਪਰ ਸਵੇਰੇ ਤੇ ਸ਼ਾਮ ਸੂਰਜ ਦਾ

★ 658-ਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ

ਰੰਗ ਲਾਲ ਸੂਹਾ ਹੁੰਦਾ ਹੈ। ਸਵੇਰੇ ਤੇ ਸ਼ਾਮ ਸੂਰਜ ਦੀਆਂ ਕਿਰਨਾਂ ਨੂੰ ਹਵਾ ਦੇ ਗਹਿਰੇ ਅਤੇ ਘਣੇ ਮਾਧਿਅਮ ਵਿੱਚੋਂ ਲੰਘਣਾ ਹੁੰਦਾ ਹੈ। ਸਵੇਰੇ ਤੇ ਸ਼ਾਮ ਸੂਰਜ ਦੀਆਂ ਕਿਰਨਾਂ ਮੁੜ ਜਾਂਦੀਆਂ ਹਨ ਪਰ ਰੱਤੀਆਂ ਕਿਰਨਾਂ ਨਹੀਂ ਮੁੜਦੀਆਂ ਜਾਂ ਸਭ ਤੋਂ ਘੱਟ ਮੁੜਦੀਆਂ ਹਨ ਅਤੇ ਇਹਨਾਂ ਦਾ ਰੰਗ ਸੂਰਜ ਗ੍ਰਹਿਣ ਕਰ ਲੈਂਦਾ ਹੈ। ਬਿਲਕੁਲ ਅਜਿਹੇ ਹੀ ਹੁੰਦੇ ਹਨ ਜੋਤੀ ਸਰੂਪ ਵਾਹਿਗੁਰੂ ਦੇ ਭਰਮ ਤੇ ਅਗਿਆਨ ਰਹਿਤ ਵਿੱਚ ਰੰਗੇ ਰੱਤੇ ਮਨੁੱਖ।

ਵਿਗਿਆਨ ਦੁਆਰਾ ਵਿਸ਼ਲੇਸ਼ਣ ਕਰਕੇ ਪ੍ਰਾਪਤ ਕੀਤੇ ਹੋਏ ਇਸ ਨਤੀਜੇ ਨਾਲ ਗੁਰਬਾਣੀ ਗੁਰਮਤਿ ਅਤੇ ਅਕਾਲ ਪੁਰਖ ਦੇ ਰੰਗ ਵਿੱਚ ਰੱਤੇ ਹੋਏ ਮਨੁੱਖਾਂ ਦਾ ਸੁਭਾਅ ਉਘੜ ਕੇ ਸਾਡੇ ਸਾਹਮਣੇ ਆ ਜਾਂਦਾ ਹੈ। ਹੁਕਮ ਹੈ -

*ਰਤੇ ਸੇਈ ਜੇ ਮੁਖੁ ਨ ਮੜੰਨਿ ਜਿਨੀ ਸਿਞਾਤਾ ਸਾਈ॥*
*ਝੜਿ ਝੜਿ ਪਵਦੇ ਕਦ ਬਿਰਹੀ ਜਿਨਾ ਕਾਰਿ ਨ ਆਈ॥*

ਭਾਵ ਰੱਤੇ ਹੋਏ ਪੁਰਖੁ ਮੁੜਦੇ ਨਹੀਂ, ਲੱਚਦੇ ਨਹੀਂ, ਝਕਦੇ ਨਹੀਂ, ਡਟੇ ਰਹਿੰਦੇ ਹਨ, ਮੁੱਖ ਨਹੀਂ ਮੋੜਦੇ, ਬੇਮੁੱਖ ਵੀ ਨਹੀਂ ਹੁੰਦੇ, ਉਹਨਾਂ ਨੂੰ ਕਾਦਰ ਕਰਤੇ ਸਾਈਂ ਦੀ ਸਿਝਾਣ ਹੁੰਦੀ ਹੈ। ਜਿਸ ਤਰ੍ਹਾਂ ਲਾਲ ਰੰਗ ਦੀਆਂ ਕਿਰਨਾਂ ਨਾਲ ਹੋਰ ਕਿਰਨਾਂ ਮਾਧਿਅਮ ਬਦਲਣ ਕਰਕੇ ਵੀ ਤੁਰੀਆਂ ਆਉਂਦੀਆਂ ਹਨ। ਇਸੇ ਤਰ੍ਹਾਂ ਰੰਗ ਰੱਤੇ ਗੁਰਮੁਖ, 'ਅਉਰਨ ਲੇਤ ਉਧਾਰ' ਅਨੁਸਾਰ ਥੋੜਾ ਬਹੁਤਾ ਲਚਨ ਤੇ ਬਚਨ ਵਾਲਿਆਂ ਨੂੰ ਵੀ ਨਾਲ ਲੈ ਤਾਰ ਦਿੰਦੇ ਹਨ। ਜਿਹੜੇ ਕੱਚੇ ਹਨ ਉਹ ਟੁੱਟ ਟੁੱਟ ਜਾਂਦੇ ਹਨ, ਸੜ ਸੁੱਕ ਜਾਂਦੇ ਹਨ ਤੇ ਮੁੱਕ ਮੁੱਕ ਜਾਂਦੇ ਹਨ ਜਾਂ ਗੁਆਚ ਜਾਂਦੇ ਹਨ। ਕੱਚੇ ਕਿਸੇ ਕੰਮ ਦੇ ਨਹੀਂ, ਉਹ ਐਵੇਂ ਜੀਵਨ ਹੀ ਅਕਾਰਥ ਕਰ ਕੇ ਚਲੇ ਜਾਂਦੇ ਹਨ।

ਸੱਤ ਰੰਗੀਆਂ ਕਿਰਨਾਂ ਚਾਨਣ ਦੇ ਨਾਲ ਨਾਲ ਨਿੱਘ ਸ਼ਕਤੀ ਤੇ ਊਰਜਾ ਵੀ ਆਪਣੇ ਨਾਲ ਲੈ ਕੇ ਧਰਤੀ ਤੇ ਆਉਂਦੀਆਂ ਹਨ। ਬੜੀ ਹੈਰਾਨ ਕੁੰਨ ਤੇ ਵਿਸਮਾਦੀ ਗੱਲ ਹੈ ਕਿ ਸਭ ਤੋਂ ਵੱਧ ਪ੍ਰਕਾਸ਼ ਅਤੇ ਨਿੱਘ ਇਹਨਾਂ ਰੱਤੀਆਂ ਕਿਰਨਾਂ ਵਿੱਚ ਹੀ ਹੁੰਦਾ ਹੈ।

ਰੱਤਿਆਂ ਦਾ ਵਾਧਾ ਹੀ ਇਹ ਹੈ ਕਿ ਉਹ ਸਾਰਿਆਂ ਤੋਂ ਵੱਧ ਲਾਹੇਵੰਦ ਤੇ ਕਾਰਗਰ ਹਨ। ਇਹਨਾਂ ਦਾ ਸੁਭਾਅ ਹੈ, *'ਮਨ ਨ ਡਿਗੇ ਤਨ ਕਾਹੇ ਕੋ ਡਰਾਵੈ'। ਡਿਗੇ ਨਾ ਡੋਲੇ ਥਿਰ ਕਰ ਰਾਖੈ'* ਰੱਤਿਆਂ ਦੇ ਚਲਣ ਦਾ ਚਾਨਣ ਭਰਿਆ ਗੁਣ ਹੈ।



# ਦੁਖੁ ਤਦੇ ਜਾ ਵਿਸਰਿ ਜਾਵੈ

**ਭਗਵੰਤ ਸਿੰਘ ਦਲਾਵਰੀ ★**

ਗੁਰੂ ਗ੍ਰੰਥ ਸਾਹਿਬ ਦੀ ਤਕਰੀਬਨ ਹਰ ਤੁਕ ਇਹ ਦ੍ਰਿੜ ਕਰਾਉਂਦੀ ਹੈ ਕਿ ਪ੍ਰਭੂ ਨੂੰ ਵਿਸਾਰਨ ਨਾਲ ਹੀ ਦੁੱਖ ਪੈਦਾ ਹੁੰਦਾ ਹੈ। ਦੂਜੇ ਲਫਜ਼ਾਂ ਵਿੱਚ, ਪ੍ਰਭੂ ਦੀ ਯਾਦ ਹੀ ਸੁਖ-ਸ਼ਾਂਤੀ ਦੀ ਗਾਰੰਟੀ ਹੈ। ਇੱਕ ਲੰਮੇ ਅਰਸੇ ਤੋਂ ਸਿਰਲੇਖ ਵਾਲੀ ਤੁਕ ਦਾ ਮੇਰੇ ਮਨ 'ਤੇ ਡੂੰਘਾ ਪ੍ਰਭਾਵ ਸੀ ਤੇ ਇਸ ਦਾ ਅਸਰ ਵੀ ਮੈਂ ਵੇਖ ਚੁੱਕਾ ਸੀ। ਲਗਭਗ 20 ਸਾਲ ਮੈਂ ਕਦੇ ਦੁੱਖ ਨਹੀਂ ਤੱਕਿਆ ਅਪਣੀ ਜ਼ਿੰਦਗੀ ਵਿੱਚ, ਪਰ ਕੁਝ ਸਾਲ ਪਹਿਲਾਂ depression ਦੇ ਰੂਪ ਵਿੱਚ ਜਦੋਂ ਇਹ ਦੁੱਖ ਫਿਰ ਪ੍ਰਗਟ ਹੋਇਆ, ਤਾਂ ਮੈਂ ਹੈਰਾਨ ਪ੍ਰੇਸ਼ਾਨ ਤੇ ਅਸ਼ਾਂਤ ਹੋ ਗਿਆ ਮੇਰੀ ਜਾਚੇ, ਹੁਣ ਵੀ ਪ੍ਰਭੂ ਦੀ ਯਾਦ ਵਿੱਚ ਮੇਰਾ ਉਤਨਾ ਹੀ ਯਕੀਨ ਸੀ ਤੇ ਮੇਰਾ ਇਹ ਦ੍ਰਿੜ ਨਿਸ਼ਚਾ ਹੈ ਕਿ, ਪ੍ਰਭੂ ਹੀ ਮੇਰੀ ਜ਼ਿੰਦਗੀ ਦਾ ਮਾਲਿਕ ਹੈ, ਕਾਇਮ ਸੀ।

ਕੁਝ ਦਿਨਾਂ ਅੰਦਰ ਮੇਰਾ ਦਰਦ ਡੂੰਘੇ depression ਵਿੱਚ ਬਦਲ ਗਿਆ ਤੇ ਮੈਨੂੰ ਸਮਝ ਨਾ ਆਵੇ ਕਿ ਕਿਹੜੇ Chemical imbalances ਕਾਰਣ ਇਹ ਹੋਇਆ ਸੀ। ਮੈਨੂੰ ਆਪਣੇ ਆਪ ਤੇ ਭਰੋਸਾ ਨਾ ਰਿਹਾ, ਗੁਰਬਾਣੀ ਤੇ ਸਤਿਸੰਗ ਦਾ ਰਸ ਆਉਣਾ ਬੰਦ ਹੋ ਗਿਆ, ਹਰ ਵੇਲੇ ਮੈਂ ਬਿਨ੍ਹਾਂ ਵਜ੍ਹਾ ਪ੍ਰੇਸ਼ਾਨ ਤੇ ਬੋਝ ਥੱਲੇ ਰਹਿੰਦਾ, ਪ੍ਰਭੂ ਅੱਗੇ ਢਹਿ ਕੇ ਅਰਦਾਸਾਂ ਕਰਨ, ਤੇ ਉਮੀਦ ਰੱਖਣ ਕਿ ਉਹ ਮੇਰਾ ਦੁੱਖ ਕਟੇਗਾ ਤੇ ਸੁਖ-ਸ਼ਾਂਤੀ ਬਹਾਲ ਕਰੇਗਾ, ਤੋਂ ਸਿਵਾਇ ਹੋਰ ਕੋਈ ਚਾਰਾ ਹੀ ਨਹੀਂ ਸੀ। ਜਾਪਦਾ ਇੰਜ ਸੀ ਕਿ ਪ੍ਰਭੂ ਨੂੰ ਮੈਂ ਵਿਸਾਰਿਆ ਨਹੀਂ, ਪਰ ਸਮਝ ਨਹੀਂ ਸੀ ਪੈ ਰਹੀ ਕਿ ਇਸ ਦੁੱਖ ਦਾ ਕਾਰਣ ਕੀ ਹੈ? ਮੈਂ ਕਿਤੇ ਗਲਤੀ ਕਰ ਬੈਠਾ ਸਾਂ।

ਪ੍ਰਭੂ ਨੇ ਬੜੀ ਰਹਿਮਤ ਕੀਤੀ, ਮੈਂ ਇੱਕ ਇਸਾਈ ਸੰਤ (St. Thomas Kempis) ਦੀ ਲਿਖੀ ਪੁਸਤਕ "Immitation of Christ" ਧਿਆਨ ਨਾਲ ਪੜ੍ਹੀ-ਭਾਵੇਂ ਪਹਿਲਾਂ ਵੇਖੀ ਸੀ ਪਰ ਵਿਸਥਾਰ ਨਾਲ ਕਦੇ ਨਹੀਂ ਸੀ ਪੜ੍ਹੀ। ਇਸ ਵਿਚਲੇ ਇੱਕ ਕਮਾਲ ਦੇ ਫਿਕਰੇ ਨੇ ਮੇਰੀ ਗੁੰਝਲ ਖੋਲ੍ਹ ਦਿੱਤੀ।

"ਤੇਰੀ ਅਧਿਆਤਮਕ ਤਰੱਕੀ ਦੀ ਸ਼ੁਰੂਆਤ ਹੋ ਹੀ ਨਹੀਂ ਸਕਦੀ ਜਿੰਨਾਂ ਚਿਰ ਤੂੰ ਆਪਣੇ ਆਪਨੂੰ ਸਭ ਤੋਂ ਨੀਵਾਂ ਨਾ ਜਾਣੇਂ।"

ਇਸ ਨੇ ਕਮਾਲ ਦਾ ਅਸਰ ਕੀਤਾ, ਕਮਾਲ ਦੀ ਅੰਦਰਲੀ ਖੋਜ ਕਰਾਈ ਤੇ ਕਮਾਲ ਦਾ ਮੇਰੀ ਸੋਚ ਨੂੰ ਟੁੰਬਿਆ। ਇਸ ਹੁਕਮ ਦਾ ਪਤਾ ਤਾਂ ਹੈ ਸੀ ਕਿ ਅਸਾਂ ਸਭ ਦੀ ਚਰਣ ਧੂੜ ਬਣਨਾ ਹੈ, ਖੁਦ ਨੂੰ ਭੈੜਾ ਤੇ ਦੂਜਿਆਂ ਨੂੰ ਚੰਗਾ ਜਾਣਨਾ ਹੈ, ਪਰ ਇਹ ਤੱਤ ਕਦੇ ਗਹਿਰੀ ਸੋਚ ਵਿੱਚ ਨਹੀਂ ਸੀ ਗਿਆ ਕਿ ਕੋਈ ਅਧਿਆਤਮਕ ਤਰੱਕੀ ਹੋ ਹੀ ਨਹੀਂ ਸਕਦੀ ਜਿਨ੍ਹਾਂ ਚਿਰ ਇਹ ਸਪਸ਼ਟ ਫੈਸਲਾ ਦ੍ਰਿੜ ਨਾ ਹੋ ਜਾਏ। ਚਾਰ ਮਹੀਨੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਕਰੜੀ ਟ੍ਰੇਨਿੰਗ ਜਿਸ ਨੂੰ ਪੱਕਾ ਕੀਤਾ "Immitaion of Christ" ਨੇ -ਦਾ ਸਦਕਾ depression ਦੇ ਕਾਰਣਾਂ ਦੀ ਸਪਸ਼ਟ ਸਮਝ ਆਈ। ਸਿਰਲੇਖ ਵਿੱਚ ਅੰਕਿਤ ਗੁਰਬਾਣੀ ਦੀ ਤੁਕ ਹੋਰ ਚੰਗੀ ਤਰ੍ਹਾਂ ਮੇਰੇ ਅੰਦਰ ਆ ਵਸੀ। ਪ੍ਰਭੂ ਦੇ ਨਾਮ ਦਾ ਕੇਵਲ mechanical ਰਟਨ ਕਰੀ ਜਾਣ ਨਾਲ - ਬਗੈਰ ਪ੍ਰਭੂ ਦੀ ਹਜ਼ੂਰੀ ਮਾਣਦਿਆਂ, ਤੇ ਪ੍ਰਭੂ ਦੇ ਹੁਕਮਾਂ ਤੇ ਅਮਲ ਕੀਤੇ ਬਗੈਰ -ਸੁੱਖ ਦੀ ਗਾਰੰਟੀ ਖੋਖਲੀ ਸਾਬਿਤ ਹੋਵੇਗੀ। ਨਾਲ ਹੀ ਪ੍ਰਭੂ ਨੂੰ ਵਿਸਾਰਨ ਨਾਲ ਦੁੱਖ ਕਿਉਂ ਉਪਜਦਾ ਹੈ, ਇਸ ਦੇ ਕਾਰਣ ਹੁਣ ਸਾਫ ਦਿਸਦੇ ਹਨ ਤੇ ਇਹ ਅਨੁਭਵ ਵਿੱਚ ਵੇਖਿਆ ਹੈ ਕਿ -ਨਾਮ ਤੋਂ ਦੂਰ ਹੋਣ ਅਰਥਾਤ ਪ੍ਰਭੂ ਨੂੰ ਵਿਸਰਨ ਦਾ ਸਿੱਧਾ ਮਤਲਬ ਇਹ ਹੁੰਦਾ ਹੈ:

1. ਮੈਂ -ਮੇਰੀ ਕਾਇਮ ਹੈ।
2. ਪ੍ਰਭੂ ਦੇ ਭਾਣੇ ਨੂੰ ਨਾ ਮੰਨਣਾ।
3. ਆਪਣੇ ਗੁਨਾਹਾਂ ਤੋਂ ਬੇਖਬਰ ਰਹਿਣਾ।
4. ਸਭ ਨੂੰ ਪਿਆਰ ਕਰਨ ਤੋਂ ਅਸਮਰਥ ਰਹਿਣਾ।
5. ਦੂਜਿਆਂ ਨੂੰ ਮੁਆਫ ਨਾ ਕਰ ਸਕਣਾ।
6. ਅੰਦਰ ਖਿਝ, ਸਾੜਾ ਤੇ ਕਲੇਸ਼ ਭਰਿਆ ਰਹਿਣਾ।
7. ਆਪਣੀਆਂ ਕਮਜ਼ੋਰੀਆਂ ਤੇ ਝਾਤੀ ਮਾਰਨ ਤੋਂ ਇਨਕਾਰ ਕਰਨਾ।
8. ਇਸ ਭੁਲੇਖੇ ਵਿੱਚ ਰਹਿਣਾ ਕਿ ਦੂਜੇ ਮੈਨੂੰ ਤੰਗ ਤੇ ਦੁਖੀ ਕਰਦੇ ਹਨ।
9. ਇਸ ਹੰਕਾਰ ਵਿੱਚ ਰਹਿਣਾ ਕਿ ਮੈਂ ਸਭ ਕੁਝ ਕਰ ਸਕਦਾ ਹਾਂ।
10. ਗੁੱਸਾ, ਕ੍ਰੋਧ, ਲਾਲਚ, ਈਰਖਾ ਦਾ ਸ਼ਿਕਾਰ ਹੋਣਾ ਜਿਸ ਕਰਕੇ ਹਰ ਵੇਲੇ ਦੁਖੀ ਰਹਿਣਾ।

★ # Tapovan, Amravati - 444 602 (Maharashtra)

ਇਸ ਤਰਾਂ ਜਦੋਂ ਅਸੀ "ਦੁਖੁ ਤਦੇ ਜਾ ਵਿਸਰਿ ਜਾਵੈ" ਨੂੰ ਇੱਕ ਕਥਨ ਮਾਤ੍ਰ ਸਮਝਣ ਦੀ ਬਜਾਇ, ਇਸ ਦੇ ਅੰਦਰਲੀ ਸਚਾਈ ਦੀ ਤਹਿ ਤੱਕ ਜਾਂਦੇ ਹਾਂ ਤਾਂ ਸਾਫ ਪਤਾ ਲਗਦਾ ਕਿ ਅਸਾਂ ਉਹਨਾਂ ਸਾਰੀਆਂ ਗੱਲਾਂ ਨਾਲ ਯਾਰੀ ਪਾ ਲਈ ਹੈ ਜੋ ਦੁੱਖ ਦਾ ਆਧਾਰ ਬਣਦੀਆਂ ਹਨ। ਇਹ ਦੁੱਖ ਕਲੇਸ਼ ਫਿਰ ਕੇਵਲ ਸਾਡੇ ਤੇ ਹੀ ਅਸਰ ਨਹੀਂ ਕਰਦਾ ਬਲਕਿ ਸਾਡੇ ਸਾਰੇ ਆਲੇ-ਦੁਆਲੇ -ਪਰਿਵਾਰ, ਪਤੀ/ਪਤਨੀ, ਬੱਚੇ, ਮਾਂ, ਬਾਪ, ਯਾਰ ਦੋਸਤ ਨੂੰ ਪ੍ਰਭਾਵਿਤ ਕਰਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਬੰਦਾ ਜਿਵੇਂ ਜਿਵੇਂ depression ਵਿੱਚ ਗਹਿਰਾ ਉੱਤਰ ਕੇ ਅਸਹਾਇ ਹੁੰਦਾ ਹੈ, ਉਨਾ ਹੀ ਉਸ ਦੇ ਠੀਕ ਹੋਣ ਦੇ ਆਸਾਰ ਘਟਦੇ ਜਾਂਦੇ ਹਨ। ਮਦਦ ਮਿਲਣ ਦੀ ਸੰਭਾਵਨਾ ਹੋਰ ਘਟ ਜਾਂਦੀ ਹੈ। ਹੁਣ ਮੇਰਾ ਪੱਕਾ ਯਕੀਨ ਹੈ ਕਿ ਸਾਡੇ ਸਾਰੇ ਦੁੱਖਾਂ ਕਲੇਸ਼ਾਂ ਦਾ ਕਾਰਨ ਸਾਡੀ ਹਉਮੈਂ ਹੈ ਤੇ ਇਸ ਸਚਾਈ ਨੂੰ ਠੁਕਰਾਨ ਨਾਲ ਸਾਡਾ ਦੁੱਖ ਹੋਰ ਵਧ ਜਾਂਦਾ ਹੈ। Carl Jung ਨੇ ਕਿਹਾ ਸੀ -ਇਨਸਾਨ ਨੂੰ ਅੰਦਰਲੇ ਸੱਚ ਨੂੰ ਨਾ ਵੇਖਣਾ ਪਵੇ, ਇਸ ਲਈ ਹੋਰ ਸਭ ਕੁਝ ਕਰਨ ਨੂੰ ਤਿਆਰ ਹੈ, ਭਾਵੇਂ ਭੈੜੇ ਤੋਂ ਭੈੜਾ ਕੰਮ ਹੀ ਕਿਉਂ ਨਾ ਹੋਵੇ। ਹੁਣ ਜਦ ਮੈਂ ਇੱਕ ਸਾਲ ਚਲੀ ਆਪਣੀ ਹਾਲਤ -ਜੋ ਹਾਲ ਦੀ ਘੜੀ ਤਾਂ ਠੀਕ ਹੈ ਪਰ ਕਿਸੇ ਵੀ ਪਲ ਬਦਲ ਸਕਦੀ ਹੈ ਜੇ ਪ੍ਰਭੂ ਦੀ ਰਹਿਮਤ ਨਾ ਹੋਵੇ -ਦਾ ਜਾਇਜ਼ਾ ਲੈਂਦਾ ਹਾਂ ਤਾਂ St. Thomas Kempis ਨੇ (Immitation of Christ ਵਿੱਚ) ਜੋ ਕਾਰਣ ਦੱਸੇ ਹਨ ਉਹਨਾਂ ਦੀ ਰੋਸ਼ਨੀ ਵਿੱਚ ਖੁਦ ਨੂੰ ਪੂਰੀ ਤਰ੍ਹਾਂ ਹਲਕਾ ਮਹਿਸੂਸ ਕਰਦਾ ਹੈ। Depression ਦਾ ਨਾਂ ਨਿਸ਼ਾਨ ਨਹੀਂ, ਸਭ ਨੂੰ ਪਿਆਰ ਕਰਨ ਨੂੰ ਜੀਅ ਕਰਦਾ ਹੈ, ਸਾਰੇ ਆਪਣੇ ਲਗਦੇ ਹਨ, ਤੇ ਪੂਰੀ ਤਰ੍ਹਾਂ ਤਿਆਰ ਹਾਂ ਇਹ ਮੰਨਣ ਲਈ -ਜੇ ਕੋਈ ਮੇਰੀ ਅਲੋਚਨਾ ਕਰੇ, ਨਿੰਦਾ ਕਰੇ, ਗਾਲ੍ਹਾਂ ਕੱਢੇ, ਬੇਇੱਜ਼ਤੀ ਕਰੇ -ਕਿਸੇ ਹੀਣ ਭਾਵਨਾ ਕਰਕੇ ਨਹੀਂ ਵਰਨਾ ਹੇਠਲੀ ਵਿਗਿਆਨਕਤਾ ਪਛਾਣਨ ਕਰਕੇ, ਕਿ ਐਸਾ ਕਰਕੇ ਹੀ ਮੈਂ ਆਪਣੇ ਦੁੱਖਾਂ ਕਲੇਸ਼ਾਂ ਤੋਂ ਮੁਕਤ ਹੋ ਸਕਦਾ ਹਾਂ।

1. ਭਾਵੇਂ ਮੈਨੂੰ ਪੂਰਾ ਯਕੀਨ ਹੈ ਕਿ ਮੈਂ ਠੀਕ ਹਾਂ, ਹੋ ਸਕਦਾ ਹੈ ਮੈਂ ਗਲਤ ਹੋਵਾਂ ਤੇ ਦੂਜਿਆਂ ਦੀ ਰਾਇ ਵੱਧ ਠੀਕ ਹੋਵੇ। ਜੇ ਇੰਝ ਨਾ ਵੀ ਹੋਵੇ, ਤਾਂ ਵੀ ਖੁਦ ਨੂੰ ਹੋਰਨਾਂ ਤੋਂ ਪਿੱਛੇ ਜਾਣ ਕੇ ਆਪਣੇ ਪ੍ਰਤੀ ਨੀਵਾਂ ਨਜ਼ਰੀਆ ਧਾਰ ਕੇ ਬਹੁਤ ਕੁਝ ਖੱਟਦਾ ਹਾਂ।

2. ਲੋੜ ਹੈ ਮੈਨੂੰ ਕਿ, ਮੈਂ ਆਪਣੇ ਗੁਨਾਹਾਂ ਤੇ ਅਤਿ ਦੁੱਖੀ ਹੋਵਾਂ ਉਹਨਾਂ ਨਾਲ ਨਫਰਤ ਕਰਾਂ ਕਿਉਂਕਿ ਐਸਾ ਕਰਕੇ ਹੀ, ਮੇਰੇ ਮਨ ਦਾ ਬੋਝ ਹਲਕਾ ਹੋ ਸਕਦਾ ਹੈ ਤੇ ਮੈਂ ਪ੍ਰਭੂ ਦੀ ਰਹਿਮਤ ਮਾਣ ਸਕਦਾ ਹਾਂ -ਦੂਜਿਆਂ ਨੂੰ ਖੁਦ ਤੋਂ ਚੰਗਾ ਸਮਝ ਕੇ।

3. ਮੇਰੇ ਲਈ ਹੁਣ ਕੇਵਲ ਇੱਕ ਸੁਖਦਾਈ ਸਲਾਹ ਹੀ ਨਹੀਂ ਕਿ ਮੰਨ ਲਵਾਂ ਕਿ ਸਾਰਾ ਕੁਝ ਪ੍ਰਭੂ ਦੇ ਭਾਣੇ ਅੰਦਰ ਹੋ ਰਿਹਾ ਹੈ, ਵਰਨਾ ਇਹ ਪੱਕਾ ਯਕੀਨ ਬਣ ਗਿਆ ਹੈ ਕਿ ਜੋ ਕੁਝ ਹੋ ਰਿਹਾ ਹੈ ਉਹੀ ਪ੍ਰਭੂ ਦਾ ਭਾਣਾ ਹੈ ਤੇ ਇਹ ਮੇਰੇ ਹਿੱਤ ਵਿੱਚ ਹੈ ਕਿਉਂਕਿ ਕਰਣਹਾਰ ਪ੍ਰਭੂ ਮੇਰਾ ਮਾਤਾ ਪਿਤਾ ਤੇ ਮਿੱਤਰ ਹੈ।

4. ਵਾਕਈ ਮੈਂ ਸਭ ਤੋਂ ਭੈੜਾ ਹਾਂ ਕਿਉਂਕਿ ਪ੍ਰਭੂ ਦੀ ਇਤਨੀ ਰਹਿਮਤ ਪਾ ਕੇ ਆਪਣੀ ਆਕੜ ਦੀ ਗੰਦਗੀ ਮਾਣਦਾ ਹਾਂ।

5. ਮੈਂ ਕੁਝ ਨਹੀਂ, ਮੇਰੀ ਕੋਈ ਵੁੱਕਤ ਨਹੀਂ ਤੇ ਮੈਂ ਕੁਝ ਨਹੀਂ ਕਰ ਸਕਦਾ। ਜੇ ਮੇਰਾ ਇਹ ਹਾਲ ਹੈ ਤਾਂ ਦੂਜੇ ਵੀ ਜ਼ਰੂਰ ਪ੍ਰਭੂ ਦੇ ਹੁਕਮ ਅੰਦਰ ਹੀ ਹੋਣਗੇ। ਮੈਨੂੰ ਕੇਵਲ ਆਪਣੀ ਆਲੋਚਨਾ ਕਰਨ ਦਾ ਹੱਕ ਹੈ, ਹੋਰ ਕਿਸੇ ਦਾ ਨਹੀਂ।

6. ਮੈਨੂੰ ਕਿਸੇ ਸਨਮਾਨ ਦੀ ਲੋੜ ਨਹੀਂ ਨਾ ਹੀ ਕਿਸੇ ਅਪਮਾਨ ਦਾ ਡਰ ਹੈ ਕਿਉਂਕਿ ਹੁਣ ਮੇਰਾ ਵਾਸਤਾ ਕੇਵਲ ਪ੍ਰਭੂ ਨਾਲ ਹੈ ਜੋ ਹਰ ਵੇਲੇ ਮੇਰਾ ਭਲਾ ਤੇ ਪ੍ਰਤਿ ਪਾਲਣਾ ਕਰ ਰਿਹਾ ਹੈ।

7. ਹਿਰਦੇ ਦੇ ਇਸ ਖਿਲਾਰ ਅੰਦਰ ਮੈਨੂੰ ਸਭ ਨਾਲ ਪਿਆਰ ਕਰਨ ਦਾ ਚਾਅ ਹੈ, ਸਭ ਨੂੰ ਬਰਾਬਰ ਸਮਝਣ ਦੀ ਰੀਝ ਹੈ ਤੇ ਸਾਰਿਆਂ ਨਾਲ ਦੋਸਤ ਬਣ ਕੇ ਜੀਣ ਦੀ ਚਾਹਤ ਹੈ।

8. ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਤੋਂ ਇਲਾਵਾ ਵੀ, ਮੇਰੇ ਲਈ ਹੁਣ ਸਾਰੇ ਆਪਣੇ ਹਨ, ਕੋਈ ਪਰਾਇਆ ਨਹੀਂ। ਸਭ ਨੂੰ ਆਪਣਾ ਮੀਤ ਸਮਝਦਾ ਹਾਂ ਤੇ ਸਾਰੇ ਮੇਰੇ ਸਾਜਨ ਹਨ।

9. ਜਿਵੇਂ ਮੈਂ ਚਾਹਵਾਂ, ਸਦਾ ਨਹੀਂ ਕਰ ਸਕਦਾ, ਦੂਜੇ ਵੀ ਇਸੇ ਹਾਲ ਵਿੱਚ ਹਨ, ਇਸ ਲਈ ਉਹਨਾਂ ਨੂੰ ਮੁਆਫ ਕਰ ਦਿੰਦਾ ਹਾਂ।

10. ਸਭ ਤੋਂ ਵੱਧ, ਮੈਨੂੰ ਹੁਣ ਯਕੀਨ ਹੈ ਕਿ ਜੋ ਹੋ ਰਿਹਾ ਹੈ, ਪ੍ਰਭੂ ਕਰਵਾ ਰਿਹਾ ਹੈ, ਜੋ ਮੈਂ ਉਸ ਦੇ ਭਾਣੇ

ਅੱਗੇ ਨਤਮਸਤਕ ਹੋ ਜਾਵਾਂ, ਮੈਨੂੰ ਚਿੰਤਾ ਕਰਨ ਦੀ ਲੋੜ ਨਹੀਂ।

ਮੇਰੇ ਦੁੱਖ ਤੇ ਅਸ਼ਾਂਤੀ ਦਾ ਕਾਰਨ ਹੀ ਇਹ ਹੈ ਕਿ ਮੈਂ ਖੁਦ ਨੂੰ ਬਹੁਤ ਕੁਛ ਸਮਝਦਾ ਹਾਂ, ਮੇਰੇ ਅੰਦਰ ਬਹੁਤ ਜ਼ਿਆਦਾ ਸਵੈਮਾਨ ਤੇ ਨਿਜ-ਪਿਆਰ ਹੈ, ਮੈਂ ਇਹ ਯਾਦ ਨਹੀਂ ਰੱਖਦਾ ਕਿ ਦੁਨੀਆਂ ਦੇ ਮੁਸਾਫਰ ਖਾਨੇ ਵਿੱਚ ਕੁਛ ਚਿਰ ਹੀ ਰਹਿਣਾ ਹੈ, ਅਤੇ ਨਾ ਹੀ ਨਿਮਰਤਾ ਤੇ ਧੀਰਜ ਗੁਣ ਧਾਰਦਾ ਹਾਂ।

ਸਾਡੇ ਮਨਾਂ ਵਿੱਚ ਫਜ਼ੂਲ ਦੁਨਿਆਵੀ ਚੀਜ਼ਾਂ ਭਰੀਆਂ ਹੋਣ ਕਰਕੇ, ਅਧਿਆਤਮਕ ਆਜ਼ਾਦੀ ਵੱਲ ਸਾਡਾ ਰੁਝਾਨ ਨਹੀਂ ਜਾਂਦਾ। ਗੁਰੂ ਨਾਨਕ ਦੇਵ ਜੀ ਆਖਦੇ ਹਨ, 'ਇਹ ਮਾਇਆ, ਹੰਕਾਰ ਜਾਂ ਇਸ ਤਰ੍ਹਾਂ ਦਾ ਛਲਾਵਾ ਸਾਨੂੰ ਠੱਗ ਲੈਂਦਾ ਹੈ, ਪਰ ਜਦੋਂ ਅਸੀਂ ਇਸ ਦਾ ਤਿਆਗ ਕਰ ਦੇਂਦੇ ਹਾਂ, ਇਹ ਮਾਇਆ ਸਾਡੇ ਚਰਨਾਂ ਵਿੱਚ ਆ ਢਹਿੰਦੀ ਹੈ।'

ਆਮ ਤੌਰ ਤੇ ਆਪਣੇ ਨਿਕਟਵਰਤੀਆਂ - ਪਤੀ/ਪਤਨੀ, ਮਾਂ-ਬਾਪ, ਜਵਾਨ, ਬੱਚੇ ਆਦਿ ਲਈ ਵੀ ਅਸੀਂ ਇਸ ਵਹਿਮ ਅੰਦਰ ਵਿਚਰਦੇ ਹਾਂ ਕਿ ਜੇ ਅਸਾਂ ਆਪਣੀ ਮਰਜ਼ੀ ਨਾ ਜਤਾਈ ਤਾਂ ਸਾਨੂੰ ਕੋਈ ਨਹੀਂ ਪੁੱਛੇਗਾ ਤੇ ਇਸ ਤਰ੍ਹਾਂ ਅਸੀਂ ਕੁਝ ਨਾ ਬਣ ਕੇ ਰਹਿ ਜਾਵਾਂਗੇ। ਆਪਣੇ ਭੁਲਾਵੇ ਅੰਦਰ ਅਸੀਂ ਉਸ ਸ਼ਾਂਤ ਜੀਵਨ ਦਾ ਆਧਾਰ ਗਵਾ ਲੈਂਦੇ ਹਾਂ ਜਿਸ ਸ਼ਾਂਤ ਜੀਵਨ ਲਈ ਆਪਣੀ ਆਕੜ ਵਿਖਾਂਦੇ ਹਾਂ। ਸੱਚ ਤਾਂ ਇਹ ਹੈ ਕਿ ਸਨਮਾਨ, ਸਹਿਯੋਗ, ਪਿਆਰ, ਸਾਡਾ ਖਿਆਲ ਰੱਖਿਆ ਜਾਏ, ਆਦਿ ਆਪਣੇ ਆਪ, ਗਰੀਬੀ (ਨਿਮਰਤਾ) ਵਿਚਰਣ ਵਾਲੇ ਨੂੰ ਮਿਲ ਜਾਂਦੇ ਹਨ, ਜਦ ਕਿ ਦੂਜੇ ਪਾਸੇ, ਆਪਣਾ ਆਪ ਜਤਾਣ ਵਾਲੇ ਨੂੰ ਸਦਾ ਹੀ ਇਹਨਾਂ ਤੋਂ ਵਾਂਝੇ ਰਹਿਣਾ ਪੈਂਦਾ ਹੈ। ਆਪਣਾ ਆਪ ਜਤਾਣ ਵਾਲਾ ਸੁਭਾਵ ਉਪਜਦਾ ਹੀ ਉਸ ਅੰਦਰ ਹੈ ਜਿਹੜਾ ਖੁਦ ਨੂੰ ਬਹੁਤ ਜ਼ਿਆਦਾ ਅਹਿਮੀਅਤ ਦਿੰਦਾ ਹੈ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਸਾਡੀ "ਮੈਂ" ਦੂਜੇ ਦੀ "ਮੈਂ" ਨਾਲ ਟਕਰਾਂਦੀ ਹੈ ਤੇ ਅਸੀਂ ਉਸ ਨਾਲੋਂ ਵੀ ਵੱਧ ਦੁਖੀ ਹੋ ਜਾਂਦੇ ਹਾਂ ਜਿਤਨਾ "ਦੁੱਖੀ" (ਇਸ ਨੂੰ ਮੈਂ ਕਿਸੇ ਹਾਲਤ ਨੂੰ ਮਰਜ਼ੀ ਨਾਲ ਚੰਗਾ ਸਮਝ ਜਾਣ ਕੇ ਅਪਨਾਣਾ ਆਖਾਂਗਾ) ਸ੍ਵੈਇੱਛਾ ਨਾਲ ਢਹਿ ਕੇ ਹੋਣਾ ਸੀ -ਡਰ ਕੇ ਹੀਨ ਭਾਵਨਾ ਵਾਲਾ ਮੰਨਣਾ (ਢਹਿਣਾ) ਨਹੀਂ।

ਜਦੋਂ ਵੀ ਬਹਿਸ ਹੁੰਦੀ ਹੈ, ਅੰਦਰਲੇ ਦਰਵਾਜ਼ੇ ਬੰਦ ਹੋ ਜਾਂਦੇ ਹਨ ਤੇ ਇਹ ਬੰਦ ਦਰਵਾਜ਼ੇ ਕਦੇ ਵੀ ਬਹਿਸ ਬਾਜ਼ੀ ਨਾਲ ਨਹੀਂ ਖੁੱਲ੍ਹ ਸਕਦੇ, ਕੇਵਲ ਪਿਆਰ ਨਾਲ ਖੁੱਲ੍ਹ ਸਕਦੇ ਹਨ। ਇਹ ਪਿਆਰ, ਨਿਮਰਤਾ, ਦੂਸਰਿਆਂ ਨੂੰ ਸਮਝਣ ਤੇ ਦੂਜਿਆਂ ਲਈ ਆਪਾ ਤਿਆਗ ਰਾਹੀਂ ਹੀ ਆ ਸਕਦਾ ਹੈ ਤੇ ਇਸ ਵਿੱਚ ਆਪਣਾ ਹੀ ਫਾਇਦਾ ਹੈ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਦੂਜਿਆਂ ਦੀਆਂ ਗਲਤੀਆਂ ਕੱਢਣ ਦੀ ਆਦਤ ਦਾ ਮਤਲਬ ਹੈ ਕਿ ਸਾਨੂੰ ਆਪਣੇ ਅੰਦਰ ਝਾਕਣਾ ਨਹੀਂ ਆਉਂਦਾ। ਜ਼ਿਆਦਾ ਤਰ, ਜੋ ਗਲਤੀਆਂ ਅਸੀਂ ਦੂਜਿਆਂ ਵਿੱਚ ਵੇਖਦੇ ਹਾਂ ਉਹ ਸਾਡੀਆਂ ਆਪਣੀਆਂ ਹੁੰਦੀਆਂ ਹਨ। ਪ੍ਰਭੂ ਨੂੰ ਵਿਸਾਰ ਕੇ ਅਸੀਂ ਕਦੇ ਵੀ ਆਪਣੀਆਂ ਭੁੱਲਾਂ ਦੇਖਣਯੋਗ ਨਹੀਂ ਹੋ ਸਕਦੇ; ਪ੍ਰਭੂ ਨੂੰ ਯਾਦ ਕਰਨ ਦਾ ਮਤਲਬ ਹੀ ਇਹ ਹੈ ਕਿ ਆਪਣੀਆਂ ਕਮਜ਼ੋਰੀਆਂ ਤੇ ਛੋਟੇਪਣ ਦਾ ਅਹਿਸਾਸ ਹੋਣਾ।

"ਦੁੱਖ ਤੇ ਕਲੇਸ਼ -ਜੋ ਪ੍ਰਭੂ ਨੂੰ ਵਿਸਾਰਨ ਕਰਕੇ ਉਪਜਦੇ ਹਨ -ਦੇ ਕਾਰਨਾਂ ਦੀ ਖੋਜ ਕਰਨ ਵਾਲਾ ਇਹ ਲੇਖ, ਆਪਣੇ ਗੁਨਾਹਾਂ ਤੇ ਆਪਣੀਆਂ ਗਲਤੀਆਂ ਪ੍ਰਤੀ ਘਿਰਣਾ; ਧੀਰਜ, ਨਿਮਰਤਾ, ਆਪਣਾ ਨਿਮਾਣਾਪਨ, ਪ੍ਰਭੂ ਦੀ ਕਿਰਪਾ ਤੇ ਅਰਦਾਸ ਦੁਆਰਾ ਖੁਦ ਦੇ ਹਮਲਿਆਂ ਤੋਂ ਸੁਰੱਖਿਆ ਮਜਬੂਤ ਕਾਰਨ ਵਿੱਚ ਸਹਾਈ ਹੋਇਆ ਹੈ।"

*( ਰੂਪਾਂਤਰਕਾਰ -ਰਮੇਸ਼ ਸਿੰਘ, ਜਮਸ਼ੇਦਪੁਰ )*


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੈਨਸ਼ਨ

ਲੁਧਿਆਣਾ - 141 002

**ਤਿੰਨ ਅਨਮੋਲ ਪੁਸਤਕਾਂ**

*ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ*

*ਅੰਮ੍ਰਿਤ ਕੀਰਤਨ ਟ੍ਰਸਟ, 1246, (1st ਫਲੋਰ)*

*ਸੈਕਟਰ 22 ਬੀ, ਚੰਡੀਗੜ੍ਹ*

- ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ
- ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

# ਤਬਲਾ ਵਾਦਕ ਉਸਤਾਦ ਅੱਲਾ ਰੱਖਾ

ਪ੍ਰੋ. ਪਰਮਜੀਤ ਸਿੰਘ ★

ਮਹਾਨ ਸੰਗੀਤਕਾਰ ਤੇ ਸੂਫੀ ਸੰਤ ਹਜ਼ਰਤ ਅਮੀਰ ਖ਼ੁਸਰੋ ਦੀ ਭਾਰਤੀ ਸੰਗੀਤ ਨੂੰ ਬਹੁਤ ਵੱਡੀ ਦੇਣ ਹੈ। ਜਿਸ ਵਿੱਚ ਵਾਦ ਯੰਤਰ 'ਤਬਲਾ' ਵੀ ਇੱਕ ਮੁੱਖ ਸਾਜ਼ ਹੈ। ਪਿਛਲੀ ਸ਼ਤਾਬਦੀ ਤੱਕ ਭਾਰਤੀ ਸ਼ਾਸਤਰੀ ਸੰਗੀਤ ਦੇ ਹਰ ਇੱਕ ਪ੍ਰੋਗਰਾਮ ਵਿੱਚ ਤਬਲਾ-ਵਾਦਕ ਇੱਕ ਅਭਿੰਨ ਅੰਗ ਤਾਂ ਮੰਨਿਆ ਜਾਂਦਾ ਸੀ ਪਰ ਉਹ ਗੁੰਮਨਾਮ ਹੀ ਰਹਿੰਦਾ ਸੀ ਅਤੇ ਉਸ ਨਾਲ ਆਦਰ ਯੋਗ ਵਰਤਾਰਾ ਵੀ ਨਹੀਂ ਹੁੰਦਾ ਸੀ। ਉਦੋਂ ਇਹ ਸਾਜ਼ ਕੇਵਲ ਸੰਗਤ ਦਾ ਸਾਜ਼ ਹੀ ਹੁੰਦਾ ਸੀ। ਕੁਝ ਤਬਲਾ-ਵਾਦਕਾਂ ਨੇ ਆਪਣੀ ਮਿਹਨਤ ਨਾਲ ਅਤੇ ਨਵੇਂ-ਨਵੇਂ ਤਜਰਬੇ ਕਰਕੇ ਤਬਲੇ ਨੂੰ ਸੋਲੋ ਦੇ ਰੂਪ ਵਿੱਚ ਪੇਸ਼ ਕੀਤਾ। ਇਨ੍ਹਾਂ ਦਿਗਜ਼ ਕਲਾਕਾਰਾਂ ਵਿੱਚ ਪੰਜਾਬ ਘਰਾਣੇ ਦੇ ਮੁਖੀ ਕਲਾਕਾਰ ਉਸਤਾਦ ਅੱਲਾ ਰੱਖਾ ਦਾ ਨਾਮ ਸਭ ਤੋਂ ਸਾਹਮਣੇ ਆਉਂਦਾ ਹੈ ਜੋ ਕਿ ਪਿਛਲੇ ਦਿਨੀ 81 ਸਾਲ ਦੀ ਉਮਰ ਵਿੱਚ ਸਾਨੂੰ ਸਦੀਵੀ ਵਿਛੋੜਾ ਦੇ ਗਏ। ਤਬਲਾ ਜਗਤ ਵਿੱਚ ਆਪ ਜੀ ਦੀ ਪਛਾਣ ਸਦੀਆਂ ਤੱਕ ਕਾਇਮ ਰਹੇਗੀ।

ਆਪਣੇ ਬੱਚਿਆਂ ਅਤੇ ਸ਼ਾਗਿਰਦਾਂ ਵਿੱਚ ਅੱਬਾ ਜੀ ਦੇ ਨਾਂ ਨਾਲ ਪੁਕਾਰੇ ਜਾਣ ਵਾਲੇ ਅੱਲਾ ਰੱਖਾ ਨੇ ਦੁਨੀਆਂ ਦਾ ਕੋਈ ਅਜਿਹਾ ਦੇਸ਼ ਨਹੀਂ ਛੱਡਿਆ ਜਿੱਥੇ ਉਨ੍ਹਾਂ ਨੇ ਆਪਣੀਆਂ ਥਿਰਕਦੀਆਂ ਉਂਗਲਾਂ ਨਾਲ ਲੋਕਾਂ ਦੇ ਮਨ ਨੂੰ ਨਾ ਜਿੱਤਿਆ ਹੋਵੇ। 60 ਤੋਂ 90 ਤੱਕ ਦੇ 3 ਦਹਾਕਿਆਂ ਤੱਕ ਆਪ ਨੇ ਪੰ. ਰਵੀ ਸ਼ੰਕਰ ਨਾਲ ਸੰਗਤ ਕਰਦੇ ਹੋਏ ਪੂਰੀ ਦੁਨੀਆਂ ਘੁੰਮੀ ਅਤੇ ਸਿਤਾਰ ਨਾਲ ਸੰਗਤ ਕਰਨ ਦੇ ਅੰਦਾਜ਼ ਨੂੰ ਇੱਕ ਨਵਾਂ ਮੋੜ ਦਿੱਤਾ।

ਤਬਲਾ-ਵਾਦਨ ਵਿੱਚ ਅੰਤਰਰਾਸ਼ਟਰੀ ਪ੍ਰਸਿੱਧੀ ਹੋਣ ਕਰਕੇ ਆਪ ਦੇ ਹੋਰ ਕਈ ਗੁਣ ਸਾਹਮਣੇ ਨਾ ਆ ਸਕੇ। ਆਪ ਇੱਕ ਚੰਗੇ ਗਾਇਕ ਅਤੇ ਫਿਲਮੀ ਸੰਗੀਤਕਾਰ ਵੀ ਸਨ। ਆਪ ਨੇ 22 ਸਾਲ ਦੇ ਜੀਵਨ ਵਿੱਚ ਲਗਭਗ 44 ਹਿੰਦੀ ਅਤੇ ਪੰਜਾਬੀ ਫਿਲਮਾਂ ਵਿੱਚ ਸੰਗੀਤ ਦਿੱਤਾ। ਬਾਅਦ ਵਿੱਚ ਸਭ ਕੁਝ ਛੱਡ ਕੇ ਤਬਲੇ ਨੂੰ ਸੰਭਾਲਿਆ। ਉਹਨਾਂ ਦਾ ਵਾਦਨ ਤਕਨੀਕ, ਮਿਠਾਸ ਅਤੇ ਲਾਜਵਾਬ ਤਿਆਰੀ ਨਾਲ ਭਰਿਆ ਹੋਇਆ ਸੀ। ਹਮੇਸ਼ਾ ਆਤਮ ਨਿਯੰਤਰਣ ਅਤੇ ਸਤੁੰਲਨ ਰੱਖਣ ਵਾਲੇ ਅੱਲਾ ਰੱਖਾ ਜ਼ਿਆਦਾ ਤੜਕ ਭੜਕ ਅਤੇ ਦਿਖਾਵੇ ਨੂੰ ਪਸੰਦ ਨਹੀਂ ਕਰਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਜੋ ਇਸ ਮੁਕਾਮ ਤੇ ਪਹੁੰਚੇ ਹਨ ਇਹ ਸਭ ਅੱਲਾ ਦੀ ਰਹਿਮਤ ਸਦਕਾ ਹੀ ਹੋਇਆ ਹੈ। ਉਸ ਨੇ ਹੀ ਮੈਨੂੰ ਸੰਗੀਤ ਦਾ ਮਾਹੌਲ ਦਿੱਤਾ ਅਤੇ ਚੰਗੇ ਗੁਰੂਆਂ ਦੀ ਚਰਣੀਂ ਲਾਇਆ ਅਤੇ ਰਿਆਜ਼ ਕਰਨ ਦੀ ਪ੍ਰੇਰਣਾ ਅਤੇ ਸਿਹਤ ਬਖ਼ਸ਼ੀ। ਕਲਾਕਾਰ ਬਣਨ ਲਈ ਜ਼ਬਰਦਸਤੀ ਨਹੀਂ ਕੀਤੀ ਜਾ ਸਕਦੀ। ਕਲਾਕਾਰ ਬਣਾਏ ਨਹੀਂ ਜਾਂਦੇ ਉਹ ਜਮਾਂਦਰੂ ਹੀ ਕਲਾਕਾਰ ਹੁੰਦੇ ਹਨ। ਇਸ ਲਈ ਜਿਸ ਕਲਾਕਾਰ ਦੀ ਡਿਊਟੀ ਉਸ ਅਕਾਲ ਪੁਰਖ ਨੇ ਲਗਾਈ ਹੈ ਉਸ ਨੂੰ ਆਪਣੇ ਖੇਤਰ ਵਿੱਚ ਬੜੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ ਅਤੇ ਉਸ ਨੂੰ ਖ਼ਲਕਤ ਦੀ ਸੇਵਾ ਕਰਨੀ ਚਾਹੀਦੀ ਹੈ। ਆਪ ਜੀ ਨੇ ਆਪਣੇ ਇਨ੍ਹਾਂ ਵਿਚਾਰਾਂ ਨੂੰ ਬੜੀ ਖ਼ੂਬੀ ਨਾਲ ਨਿਭਾਇਆ ਅਤੇ ਉਸਤਾਦ ਜਾਕਿਰ ਹੁਸੈਨ ਵਰਗਾ ਤਬਲਾ ਨਿਵਾਜ਼ ਸਾਨੂੰ ਦਿੱਤਾ ਜੋ ਅੱਜ ਪੂਰੀ ਦੁਨੀਆਂ ਵਿੱਚ ਆਪਣੀ ਮਿਸਾਲ ਆਪ ਹਨ।

ਖਾਂ ਸਾਹਿਬ ਨੇ ਤਾਲੀਮ ਬੜੇ ਖੁੱਲ੍ਹੇ ਦਿਲ ਨਾਲ ਵੰਡੀ। ਹਿੰਦੂ, ਮੁਸਲਮਾਨ ਅਤੇ ਸਿੱਖ ਦਾ ਕੋਈ ਭੇਦ-ਭਾਵ ਨਹੀਂ ਰੱਖਿਆ। ਆਪ ਜੀ ਦੇ ਦੋ ਹੋਰ ਬੇਟੇ ਫ਼ਜ਼ਲ ਕੁਰੈਸ਼ੀ ਅਤੇ ਤੌਫੀਕ ਹਨ ਜੋ ਕਿ ਆਪਣੇ ਪਿਤਾ ਦੇ ਪੂਰਨਿਆਂ ਤੇ ਚੱਲ ਰਹੇ ਹਨ।

ਉਸਤਾਦ ਅੱਲਾ ਰੱਖਾ ਜੀ ਦਾ ਗੁਰਮਤਿ ਸੰਗੀਤ ਨੂੰ ਬਹੁਤ ਵੱਡਾ ਯੋਗਦਾਨ ਹੈ। ਨਾਮਧਾਰੀ ਪਰੰਪਰਾ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਸ਼ੀਰਵਾਦ ਨਾਲ ਪ੍ਰੋਫੈਸਰ ਕੁਲਵਿੰਦਰ ਸਿੰਘ ਨੇ ਖਾਂ ਸਾਹਿਬ ਤੋਂ ਲਗਭਗ 7 ਸਾਲ ਤਾਲੀਮ ਲਈ ਹੈ। ਉਹ ਅੱਜਕੱਲ੍ਹ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਦੇਖ-ਰੇਖ ਵਿੱਚ ਜਵੱਦੀ ਟਕਸਾਲ, ਲੁਧਿਆਣਾ ਵਿੱਚ ਤਬਲੇ ਦੀ ਤਾਲੀਮ ਦੇ ਰਹੇ ਹਨ। ਇਸ ਤਰ੍ਹਾਂ ਖਾਂ ਸਾਹਿਬ ਨੇ ਪੰਜਾਬ ਵਿੱਚ ਵੀ ਇੱਕ ਬੂਟਾ ਲਗਾ ਕੇ ਗੁਰਮਤਿ ਸੰਗੀਤ ਵਿੱਚ ਆਪਣਾ ਯੋਗਦਾਨ ਪਾਇਆ ਹੈ।

ਸਾਡੇ ਦੇਸ਼ ਦੇ ਇਸ ਮਹਾਨ ਤਬਲਾ ਨਿਵਾਜ਼ ਨੂੰ ਭਾਰਤ ਸਰਕਾਰ ਨੇ 1977 ਵਿੱਚ ਪਦਮ ਸ੍ਰੀ ਅਤੇ ਰਾਸ਼ਟਰੀ ਪੁਰਸਕਾਰ ਦੇ ਦਿੱਤਾ।

ਅੰਤ ਸਮੇਂ ਤੱਕ ਆਪ ਨੂੰ ਹੰਕਾਰ ਛੂਹ ਨਹੀਂ ਸਕਿਆ। ਭਾਰਤੀ ਸ਼ਾਸਤਰੀ ਸੰਗੀਤ ਦਾ ਇਹ ਮਹਾਨ ਕਲਾਕਾਰ ਆਪਣੇ ਯੋਗਦਾਨ ਸਦਕਾ ਹਮੇਸ਼ਾ ਯਾਦ ਰਹੇਗਾ। ☬

★ ਸੰਗੀਤ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

# ਆਉ ਤਬਲਾ ਸਿੱਖੀਏ

**ਗੁਰਜੰਤ ਸਿੰਘ ਰਾਹੀ ★**

ਗੁਰਮਤਿ ਸੰਗੀਤ ਵਿਦਿਆਲੇ ਦੇ ਇੱਕ ਕਮਰੇ ਵਿੱਚ ਵਿਦਿਆਰਥੀ ਆਪਣਾ ਆਪਣਾ ਤਬਲਾ ਵਜਾ ਰਹੇ ਹਨ। ਉਸਤਾਦ ਜੀ ਬੈਠੇ ਸਾਰਿਆਂ ਨੂੰ ਧਿਆਨ ਨਾਲ ਸੁਣ ਰਹੇ ਹਨ।

ਉਸਤਾਦ ਜੀ -ਠਹਿਰੋ, ਤਬਲਾ ਸਿੱਖਣ ਵੇਲੇ ਕੁਝ ਗੱਲਾਂ ਵਿਸ਼ੇਸ਼ ਧਿਆਨ ਮੰਗਦੀਆਂ ਹਨ ਜਿਵੇਂ ਕਿ ਹੱਥ ਦਾ ਰਖਾਵ ਅਤੇ ਬੋਲ ਦੀ ਬਣਤਰ। ਮੁੱਢਲੇ ਬੋਲ ਤੁਸੀਂ ਸਾਰਿਆਂ ਨੇ ਕੱਢ ਲਏ ਹਨ ਹੁਣ ਇਸ ਤੋਂ ਅੱਗੇ ਆਪਾਂ ਸ਼ੁਰੂ ਕਰਾਂਗੇ। ਭਾਵੇਂ ਮੁੱਢਲੇ ਅੱਖਰ ਸਾਰਿਆਂ ਦੇ ਸਹੀ ਹਨ ਫਿਰ ਵੀ ਇੱਕ ਵਾਰ ਫਿਰ ਝਾਤ ਮਾਰਦੇ ਹਾਂ। ਖੱਬੇ ਤਬਲੇ (ਡੁਗੀ) ਦੇ ਮੁੱਖ ਤਿੰਨ ਅੱਖਰ ਗੇ, ਘੇ, ਕੇ ਹਨ। ਖੱਬੇ ਹੱਥ ਨੂੰ ਡੁਗੀ ਦੇ ਪੁੜੇ ਉਪਰ ਰੱਖ ਕੇ ਵੱਡੀ ਉਂਗਲੀ ਅਤੇ ਉਸ ਦੇ ਨਾਲ ਦੀਆਂ ਦੋ ਉਂਗਲਾਂ ਨਾਲ ਵਜਾਉਣ ਤੇ 'ਗੇ' ਦੀ ਆਵਾਜ਼ ਨਿਕਲੇਗੀ ਹਥੇਲੀ ਨਾਲ ਥੋੜ੍ਹਾ ਜਿਹਾ ਹੇਠਾਂ ਵੱਲ ਦਬਾਉਣ ਤੇ ਜਿਵੇਂ ਗੇ ਵਜਾਇਆ ਸੀ ਇਸ ਤਰ੍ਹਾਂ ਵਜਾਉਣ ਨਾਲ 'ਘੇ' ਦੀ ਆਵਾਜ਼ ਨਿਕਲੇਗੀ। ਇਸੇ ਪੁਜੀਸ਼ਨ ਵਿੱਚ ਰੱਖਿਆ ਹੱਥ, ਸਾਰਾ ਪੰਜਾ ਸਿੱਧੇ ਰੂਪ ਵਿੱਚ ਚਾਰੇ ਉਂਗਲਾਂ ਤਬਲੇ ਦੇ ਪੁੜੇ ਤੇ ਵਜਣਗੀਆਂ ਤਾਂ 'ਕੇ' ਦੀ ਆਵਾਜ਼ ਨਿਕਲੇਗੀ। ਕੇ ਵਾਸਤੇ ਚਾਰੇ ਉਂਗਲਾਂ ਅੱਧੀਆਂ ਇਕੱਠੀਆਂ ਕਰਕੇ ਇਸ ਤਰ੍ਹਾਂ ਵਜਾਈਏ ਕਿ ਸਿਰਫ ਸਾਰੇ ਨਹੁੰ ਹੀ ਵੱਜਣ ਤਾਂ ਵੀ ਕੇ ਦੀ ਆਵਾਜ਼ ਨਿਕਲੇਗੀ ਜਾਂ ਪਹਿਲੀ ਉਂਗਲੀ ਦਾ ਨਹੁੰ ਅੰਗੂਠੇ ਦੀ ਜੜ੍ਹ ਨਾਲ ਗੋਲਾਈ ਦੀ ਸ਼ਕਲ ਵਿੱਚ ਘਸਰ ਕੇ ਸਿਰਫ ਨਹੁੰ ਜ਼ੋਰ ਦੀ ਪੁੜੇ ਤੇ ਲੱਗੇ ਇਹ ਵੀ ਕੇ ਹੈ। ਇਹ ਜ਼ਿਆਦਾ ਤਰ ਕਹਿਰਵਾ, ਦਾਦਰਾ, ਤਾਲਾਂ ਵਿੱਚ ਵਜਦਾ ਹੈ। ਖਿਆਲ ਰਖਿਓ ਹੱਥ ਬਹੁਤ ਆਕੜਿਆ ਨਾ ਹੋਵੇ, ਉਂਗਲਾਂ ਦਾ ਆਪਸੀ ਫਾਸਲਾ ਕੁਦਰਤੀ ਤੌਰ ਤੇ ਜਿੰਨਾਂ ਹੈ ਉੱਨਾ ਹੀ ਰਹੇ। ਅੰਗੂਠਾ ਆਪਣੀ ਥਾਂ ਤੇ ਰਹੇ ਨਾ ਹੀ ਉਂਗਲਾਂ ਵੱਲ ਝੁਕਿਆ ਹੋਇਆ ਤੇ ਨਾ ਹੀ ਬਹੁਤ ਦੂਰ।

ਏਸੇ ਤਰ੍ਹਾਂ ਸੱਜੇ ਤਬਲੇ ਦੇ ਅੱਖਰ ਨਾ ਜਾਂ ਤਾ ਪੁੜੇ ਦੀ ਸਿਆਹੀ ਅਤੇ ਕਿਨਾਰ ਦੇ ਵਿਚਕਾਰ ਦਾ ਹਿੱਸਾ ਜਿਸਨੂੰ ਲਵ ਆਖਦੇ ਹਨ ਚੀਚੀ ਦੇ ਨਾਲ ਦੀ ਉਂਗਲੀ ਸਿਆਹੀ ਨਾਲ ਘਸਦੀ ਹੋਈ ਇਸ ਸਥਾਨ ਤੋਂ ਬਾਹਰ ਜਾਂ ਬਹੁਤਾ ਅੰਦਰ ਨਹੀਂ ਜਾਵੇਗੀ। ਪਹਿਲੀ ਉਂਗਲੀ ਬਾਹਰੋਂ ਅੰਦਰ ਵੱਲ ਕਿਨਾਰ ਤੇ ਮਾਰਨ ਨਾਲ 'ਨਾ' ਜਾ 'ਤਾ' ਦੀ ਆਵਾਜ਼ ਨਿਕਲੇਗੀ। ਏਸੇ ਪੁਜੀਸ਼ਨ ਵਿੱਚ ਜੇਕਰ ਪਹਿਲੀ ਉਂਗਲੀ ਸਿਆਹੀ ਅਤੇ ਕਿਨਾਰ ਦੇ ਵਿਚਕਾਰ ਅੱਗੇ ਵੱਲ ਵਧਾ ਕੇ ਵਜੇਗੀ ਤਾਂ 'ਤੀਂ' ਦੀ ਆਵਾਜ਼ ਨਿਕਲੇਗੀ। ਤੁਸੀਂ ਵੇਖਿਐ ਇਨਾਂ ਦੋ ਬੋਲਾਂ ਵਿੱਚ ਪਹਿਲੀ ਤੇ ਤੀਸਰੀ ਉਂਗਲੀ ਦਾ ਜ਼ਿਕਰ ਆਇਐ, ਦੂਸਰੀ ਵੱਡੀ ਉਂਗਲੀ ਕੀ ਕਰੇਗੀ? ਵੱਡੀ ਉਂਗਲੀ ਸਿਆਹੀ ਦੇ ਨਾਲ ਨਹੀਂ ਲਗੇਗੀ ਸਗੋਂ ਸਿਰਫ ਆਪਣੇ ਸਥਾਨ ਤੋਂ ਥੋੜਾ ਉੱਪਰ ਉਠ ਕੇ ਰਹੇਗੀ। ਇਸ ਦਾ ਵਿਸ਼ੇਸ਼ ਧਿਆਨ ਰੱਖਣਾ ਹੈ। ਸ਼ੁਰੂ ਸ਼ੁਰੂ ਵਿੱਚ ਇਸ ਤਰ੍ਹਾਂ ਹੁੰਦੈ ਕਿ ਤੁਸੀਂ ਜਦੋਂ ਪਹਿਲੀ ਉਂਗਲੀ ਨਾਲ ਵਜਾਉਗੇ ਤਾਂ ਦੂਸਰੀ ਉਂਗਲੀ ਆਪਣੇ ਆਪ ਸਿਆਹੀ ਵਿੱਚ ਵੱਜੇਗੀ ਇਸ ਤਰ੍ਹਾਂ ਨਹੀਂ ਕਰਨਾ। ਅੰਗੂਠਾ ਤੇ ਚੀਚੀ ਕੁਦਰਤੀ ਤੌਰ ਤੇ ਆਪਣੇ ਸਥਾਨ ਅਨੁਸਾਰ ਰਹਿਣਗੇ। ਅੰਗੂਠੇ ਨੂੰ ਉਂਗਲਾਂ ਦੇ ਨਾਲ ਵੀ ਨਹੀਂ ਚਿਪਕਾਣਾ ਤੇ ਨਾ ਹੀ ਦੂਰ ਕਰਨਾ ਹੈ। ਚੀਚੀ ਨੂੰ ਇਕੱਠੀ ਨਹੀਂ ਕਰਨਾ ਸਗੋਂ ਆਪਣੇ ਕੁਦਰਤੀ ਸਥਾਨ ਤੇ ਰਹਿਣਾ ਹੈ।

2. ਤਿ ਟ : ਸੱਜੇ ਹੱਥ ਦੀਆਂ ਦੂਸਰੀ ਤੇ ਤੀਸਰੀ ਦੋਵੇ ਉਂਗਲਾਂ ਇਕੱਠੀਆਂ ਆਪਸ ਵਿੱਚ ਮਿਲੀਆਂ ਹੋਈਆਂ ਸਿਆਹੀ ਦੇ ਐਨ ਵਿਚਕਾਰ ਉਂਗਲਾਂ ਦਾ ਪਹਿਲਾ ਪੋਰ (ਹਿੱਸਾ) ਵਜੇ ਤਾਂ 'ਤਿ' ਦੀ ਆਵਾਜ਼ ਨਿਕਲੇਗੀ। ਠੀਕ ਏਸੇ ਥਾਂ ਤੇ ਪਹਿਲੀ ਉਂਗਲੀ ਆ ਕੇ ਵੱਜੇ ਤਾਂ ਟ ਦੀ ਆਵਾਜ਼ ਨਿਕਲੇਗੀ। ਇਸ ਨੂੰ ਲਗਾਤਾਰ ਵਜਾਉਣ ਨਾਲ ਇਸ ਤਰ੍ਹਾਂ ਲੱਗੇ ਜਿਵੇਂ ਪਿਛਲੀਆਂ ਤਿੰਨ ਉਂਗਲਾਂ ਤਿ ਵਜਾਉਣ ਲਈ ਬਾਹਰੋਂ ਅੰਦਰ ਵਲ ਜਾ ਰਹੀਆਂ ਹੋਣ ਅਤੇ ਪਹਿਲੀ ਉਂਗਲੀ ਟ ਵਜਾਉਣ ਲਈ ਅੰਦਰੋਂ ਬਾਹਰ ਵਲ ਆ ਰਹੀ ਹੋਵੇ। ਚੀਚੀ ਅਤੇ ਅੰਗੂਠਾ ਆਪਣੇ ਆਪਣੇ ਸਥਾਨ ਤੇ ਕੁਦਰਤੀ ਰੂਪ ਵਿੱਚ ਸਥਿਰ ਰਹਿਣਗੇ। ਇਨ੍ਹਾਂ ਬੋਲਾਂ ਦੀ ਸਫਾਈ ਅਤੇ ਸ਼ੁਧਤਾ ਵੱਲ ਜਿੰਨਾ ਧਿਆਨ ਦਿਉਗੇ ਉਨ੍ਹਾਂ ਹੀ ਤੁਹਾਡੇ ਤਬਲਾ ਵਾਦਨ ਵਿੱਚ ਮਿਠਾਸ ਅਤੇ ਹੱਥ ਦੀ ਖ਼ੂਬਸੂਰਤੀ ਬਣੀ ਰਹੇਗੀ।

ਅੱਜ ਸਭ ਤੋਂ ਪਹਿਲਾਂ ਅਸੀਂ ਤੀਨ ਤਾਲ ਸ਼ੁਰੂ ਕਰਾਂਗੇ। ਇਸ ਤਾਲ ਬਾਰੇ ਥੋੜੀ ਜਾਣਕਾਰੀ ਹਾਸਲ ਕਰ ਲਈਏ। ਤੀਨ ਤਾਲ 16 ਮਾਤਰਾਵਾਂ ਦਾ ਤਾਲ ਹੈ। ਇਸ ਦੇ ਚਾਰ-ਚਾਰ ਮਾਤਰਾਂ ਦੇ ਚਾਰ ਭਾਗ ਹਨ। ਪਹਿਲੀ

★ ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ

ਪੰਜਵੀਂ ਤੇ ਤੇਰਵ੍ਹੀਂ ਮਾਤਰ ਤੇ ਤਾਲੀ ਅਤੇ ਨੌਵੀਂ ਮਾਤਰਾ ਖਾਲੀ ਮੰਨੀ ਜਾਂਦੀ ਹੈ। ਇਹ ਤਾਲ ਅੱਜ ਸੰਗੀਤ ਵਿੱਚ ਸੋਲੋ ਅਤੇ ਸੰਗਤ ਕਰਨ ਲਈ ਬਹੁਤ ਜ਼ਿਆਦਾ ਪ੍ਰਚੱਲਤ ਹੈ ਇਸ ਕਰਕੇ ਇਸ ਤਾਲ ਦਾ ਸਥਾਨ ਮੁੱਖ ਤਾਲ ਵਿੱਚ ਆਉਂਦਾ ਹੈ ਕਿਉਂਕਿ ਤੀਨ ਤਾਲ ਵਿਲੰਬਿਤ, ਮਧ ਅਤੇ ਦਰੁਤ ਤਿੰਨੇ ਲੈਆਂ ਵਿੱਚ ਵਜਾਇਆ ਜਾ ਸਕਦਾ ਹੈ। ਗਾਇਨ ਵਿੱਚ ਵਿਸ਼ੇਸ਼ ਕਰ ਦਰੁਤ ਲੈਅ ਵਿੱਚ ਤਰਾਨਾ, ਵਾਦਨ ਵਿੱਚ ਦਰੁਤ ਗਤ ਅਤੇ ਝਾਲਾ ਨਰਿਤ ਵਿੱਚ ਤਤਕਾਰ ਜੇ ਕਹਿ ਦੇਈਏ ਤੀਨ ਤਾਲ ਬਗੈਰ ਅਧੂਰੇ ਹਨ ਤਾਂ ਕੋਈ ਅਤਿ ਕਥਨੀ ਨਹੀਂ ਹੈ। ਸੋਲੋ ਵਾਦਨ ਵਿੱਚ ਵੀ ਇਸ ਤਾਲ ਅੰਦਰ ਉਠਾਨ, ਪੇਸ਼ਕਾਰ, ਕਾਇਦੇ ਪਲਟੇ ਮੁਖੜੇ ਟੁਕੜੇ ਗਤਾਂ ਪਰਨਾ ਚੱਕਰਦਾਰ ਪਰਨਾਂ ਰੇਲੇ ਤਿਹਾਈਆਂ ਆਦਿ ਤਿੰਨੇ ਲੈਆਂ ਵਿੱਚ ਵਾਦਕ ਆਮ ਵਜਾਉਂਦੇ ਹਨ। ਮਾਤਰਾਂ ਦੀ ਵੰਡ ਇੱਕੋ ਜਿਹੀ ਹੋਣ ਕਰਕੇ ਅਤੇ ਬੋਲਾਂ ਦੀ ਬਣਾਵਟ ਇੱਕ ਤਰ੍ਹਾਂ ਦੀ ਹੋਣ ਕਰਕੇ ਜਿੱਥੇ ਵਾਦਕ ਇਸ ਤਾਲ ਦਾ ਵਿਲੰਬਿਤ ਲੈਅ ਵਿੱਚ ਠੇਕਾ ਲਾ ਸਕਦਾ ਹੈ ਉੱਥੇ ਦਰੁਤ ਵਿੱਚ ਵੀ ਤਿਆਰੀ ਸਹਿਤ ਆਸਾਨੀ ਨਾਲ ਵਜਾ ਸਕਦਾ ਹੈ। ਇਸ ਕਰਕੇ ਅੱਜ ਇਹ ਤਾਲ ਬਹੁਤ ਹਰਮਨ ਪਿਆਰਾ ਹੈ।

ਤੇਰਵੀਂ ਤੇ ਫਿਰ ਤਾਲੀ ਚੌਦਾਂ, ਪੰਦਰਾਂ, ਸੋਲਾਂ ਦੂਜੀ ਤੀਜੀ, ਚੌਥੀ ਉਂਗਲੀ। ਪਹਿਲੀ ਤੇ ਫਿਰ ਤਾਲੀ।

3. ਇਸ ਤਰ੍ਹਾਂ ਬਾਰ ਬਾਰ ਕਰਨ ਨਾਲ ਬੋਲ ਯਾਦ ਹੋ ਜਾਣਗੇ ਅਤੇ ਹੱਥ ਦੁਆਰਾ ਤਾਲੀ ਖਾਲੀ ਦਾ ਗਿਆਨ ਹੋ ਜਾਵੇਗਾ। ਏਸੇ ਤਰ੍ਹਾਂ ਮਾਤਰਾਂ ਗਿਣਨ ਦਾ ਸੌਖਾ ਤਰੀਕਾ। ਕਈ ਲੋਕ ਉਂਗਲਾਂ ਤੇ ਮਾਤਰਾਂ ਗਿਣਨ ਸਮੇਂ ਇੱਕ ਉਂਗਲੀ ਦੇ ਤਿੰਨ ਤਿੰਨ ਪੋਟੇ ਗਿਣਦੇ ਹਨ ਇਸ ਤਰ੍ਹਾਂ ਪੰਜ ਉਂਗਲਾਂ (ਅੰਗੂਠੇ ਸਮੇਤ) ਕੁੱਲ ਗਿਣਤੀ ਪੰਦਰਾਂ ਹੋਈ ਤੀਨ ਤਾਲ ਦੀਆਂ ਮਾਤਰਾਂ ਸੋਲਾਂ ਹਨ ਜੇ ਦੂਸਰੇ ਚੱਕਰ ਵਿੱਚ ਇੱਕ ਦੀ ਥਾਂ ਤੇ ਸੋਲਾਂ ਗਿਣਾਂਗੇ ਤਾਂ ਹਰ ਵਾਰ ਇੱਕ ਦਾ ਸਥਾਨ ਬਦਲਦਾ ਰਹੇਗਾ। ਅੱਗੇ ਚਲ ਕੇ ਜਦੋਂ ਅਸੀਂ ਕਿਸੇ ਕਾਇਦੇ ਜਾਂ ਗਤ ਜਾਂ ਪਰਨ ਆਦਿ ਦੀ ਗਿਣਤੀ ਕਰਾਂਗੇ ਤਾਂ ਅਸੀਂ ਚੱਕਰ ਵਿੱਚ ਪੈ ਜਾਵਾਂਗੇ ਕਿਉਂਕਿ ਸਮ ਦਾ ਸਥਾਨ ਹਰ ਵਾਰ ਬਦਲ ਜਾਵੇਗਾ। ਇਸ ਕਰਕੇ ਸੌਖਾ ਤਰੀਕਾ ਅਪਣਾਓ। ਇੱਕ ਉਂਗਲੀ ਦੀਆਂ ਚਾਰ ਮਾਤਰਾਂ ਗਿਣੋ ਜਿਵੇਂ ਸੱਜੇ ਹੱਥ ਦਾ ਅੰਗੂਠਾ ਸੱਜੇ ਹੱਥ ਦੀ ਚੀਚੀ ਦੀ ਜੜ, ਪਹਿਲੇ ਬੰਦ ਵਿੱਚ ਇੱਕ ਦੂਸਰੇ ਵਿੱਚ ਦੋ ਤੀਸਰੇ ਵਿੱਚ ਤਿੰਨ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |

ਸਭ ਤੋਂ ਪਹਿਲਾਂ ਅਸੀਂ ਇਸ ਤਾਲ ਨੂੰ ਤਾਲੀ ਦੇ ਕੇ ਮੂੰਹ ਦੁਆਰਾ ਬੋਲ ਕੇ ਵਜਾਵਾਂਗੇ ਤਾਂ ਕਿ ਇਸ ਦੀ ਚਾਲ ਸਾਡੇ ਸਮਝ ਆ ਸਕੇ ਤੇ ਇਸ ਦੇ ਬੋਲ ਸਹੀ ਢੰਗ ਨਾਲ ਯਾਦ ਹੋ ਸਕਣ। ਗਿਣਤੀ ਗਿਣਨ ਦਾ ਸਹੀ ਤੇ ਸੌਖਾ ਢੰਗ ਇਹ ਹੈ ਕਿ ਸੱਜੇ ਹੱਥ ਦੀਆਂ ਚਾਰੇ ਉਂਗਲਾਂ ਨਾਲ ਖੱਬੇ ਹੱਥ ਦੀ ਹਥੇਲੀ ਉੱਪਰ ਤਾਲੀ ਮਾਰੋ। ਤਾਲੀ ਤੋਂ ਅਸੀਂ ਇੱਕ ਸ਼ੁਰੂ ਕਰਾਂਗੇ, ਖੱਬੇ ਹੱਥ ਦੀ ਹਥੇਲੀ ਵਿੱਚ ਵੱਡੀ ਉਂਗਲੀ ਲਗਾਉ ਤੇ ਦੋ ਬੋਲੋ, ਤੀਜੀ ਉਂਗਲੀ ਤੇ ਤਿੰਨ ਚੀਚੀ ਤੇ ਚਾਰ। ਏਸੇ ਤਰ੍ਹਾਂ ਪੰਜ ਤੇ ਤਾਲੀ ਛੇ, ਸੱਤ, ਅੱਠ ਤੇ ਪਹਿਲਾਂ ਵਾਂਗ ਦੂਜੀ, ਤੀਜੀ ਤੇ ਚੌਥੀ ਉਂਗਲੀ ਲਾ ਕੇ ਬੋਲੋ। ਨੌ ਤੇ ਸੱਜੇ ਹੱਥ ਨੂੰ ਤਾਲੀ ਮਾਰਨ ਦੀ ਬਜਾਏ ਆਪਣੇ ਸੱਜੇ ਪਾਸੇ ਬਾਹਰ ਉਲਟਾਉ ਇਸ ਤਰ੍ਹਾਂ ਕਿ ਹਥੇਲੀ ਉਪਰ ਆਵੇ ਦਸ, ਗਿਆਰਾਂ, ਬਾਰ੍ਹਾਂ ਤੇ ਪਹਿਲਾਂ ਵਾਂਗ ਦੂਜੀ, ਤੀਜੀ ਤੇ ਚੌਥੀ ਉਂਗਲੀ ਲਾਉ।

ਤੇ ਆਖਰੀ ਸਿਰੇ ਤੇ ਚਾਰ। ਇਸ ਤਰ੍ਹਾਂ ਚਾਰੇ ਉਂਗਲਾਂ ਤੇ 16 ਮਾਤਰਾਂ ਪੂਰੀਆਂ ਹੋ ਗਈਆਂ। ਅੰਗੂਠਾ ਸਿਰਫ ਗਿਣਨ ਤੇ ਰਿਹਾ ਹੈ। ਇਸ ਤਰ੍ਹਾ ਜਦੋਂ ਗਿਣਾਂਗੇ ਤਾਂ ਸਮ ਦਾ ਸਥਾਨ ਨਹੀਂ ਬਦਲੇਗਾ। ਤਾਲੀ ਖਾਲੀ ਨਹੀਂ ਵੀ ਬਦਲੇਗੀ। ਚੀਚੀ ਦੀ ਪਹਿਲੀ ਮਾਤਰਾ ਤੇ ਸਮ, ਦੂਜੀ ਉਂਗਲ ਚੀਚੀ ਦੇ ਨਾਲ ਵਾਲੀ ਪੰਜਵੀਂ ਮਾਤਰਾ, ਦੂਜੀ ਤਾਲੀ, ਵੱਡੀ ਉਂਗਲੀ ਖਾਲੀ ਦਾ ਭਾਗ ਚੌਥੀ ਉਂਗਲੀ ਤੀਸਰੀ ਤਾਲੀ ਵਾਲਾ ਭਾਗ। ਇਸਨੂੰ ਬਾਰ-ਬਾਰ ਅਭਿਆਸ ਕਰਨ ਨਾਲ ਇਹ ਚੱਕਰ ਤੁਹਾਡੇ ਸਮਝ ਵਿੱਚ ਆ ਜਾਵੇਗਾ ਫਿਰ ਤੁਹਾਨੂੰ ਕਿੰਨੀਆਂ ਵੀ ਮਾਤਰਾਂ ਦੀ ਗਤ ਆਦਿ ਗਿਣਨ ਵਿੱਚ ਦਿਕਤ ਨਹੀਂ ਆਵੇਗੀ। ਬੋਲਾਂ ਨੂੰ ਗਿਣਨ ਵੇਲੇ ਅਤੇ ਬੋਲਣ ਵੇਲੇ ਇਸ ਗੱਲ ਦਾ ਧਿਆਨ ਰਹੇ ਕਿ ਇਨ੍ਹਾਂ ਦਾ ਆਪਸੀ ਫ਼ਾਸਲਾ ਭਾਵ ਸਪੀਡ ਇੱਕੋ ਜਿਹੀ ਹੋਵੇ ਕਿੱਤੇ ਹੌਲੀ ਕਿਤੇ ਤੇਜ਼ ਨਹੀਂ

ਕਰਨੀ। ਏਸੇ ਤਰ੍ਹਾਂ ਵਜਾਉਣ ਵੇਲੇ ਉਨੀ ਕੁ ਲੈਅ (ਸਪੀਡ) ਰੱਖਣੀ ਹੈ। ਦੋਹਾਂ ਬੋਲਾਂ ਦਾ ਅੰਤਰ ਸਾਫ ਸੁਣਾਈ ਦੇਵੇ। ਨਾ ਤੇ ਤੀਂ ਗੇ ਤੇ ਘੇ ਵੱਲ ਵਿਸ਼ੇਸ਼ ਧਿਆਨ ਦੇਣਾ ਹੈ ਉਪਰੋਕਤ ਵੱਲ ਧਿਆਨ ਦੇ ਕੇ ਅਭਿਆਸ ਕਰੋਗੇ ਤੁਹਾਡੇ ਦੁਆਰਾ ਤਬਲੇ ਤੇ ਵਜਾਇਆ ਧਾ ਧਿੰ ਧਿੰ ਧਾ ਸਾਫ ਅਤੇ ਸੋਹਣਾ ਵੱਜੇ ਗਾ ਜੋ ਸੁਣਨ ਵਾਲੇ ਦੇ ਕੰਨਾ ਨੂੰ ਚੰਗਾ ਲੱਗੇਗਾ। ਇਹ ਹੀ ਸੰਗੀਤ ਹੈ ਜੋ ਕੰਨਾਂ ਨੂੰ ਚੰਗਾ ਲੱਗੇ ਜਿਸ ਵਿੱਚ ਰੰਜਕਤਾ ਹੋਵੇ। ਨਹੀਂ ਤਾਂ ਇਹ ਇੱਕ ਸ਼ੋਰ ਹੈ। ਰੌਲਾ ਹੈ। ਖਿਆਲ ਰੱਖੋ ਤੁਹਾਡਾ ਵਜਾਇਆ, ਰੌਲਾ ਨ ਬਣੇ ਸੰਗੀਤ ਬਣੇ। ਘੜੀ ਵੱਲ ਵੇਖਿਆ ਕਲਾਸ ਦਾ ਸਮਾਂ ਖਤਮ ਹੋ ਗਿਆ ਉਸਤਾਦ ਜੀ ਦਾ ਇਸ਼ਾਰਾ ਪਾ ਕੇ ਵਿਦਿਆਰਥੀ ਆਪਣਾ ਆਪਣਾ ਸਾਜ਼ ਸੰਤੋਖਣ ਵਿੱਚ ਰੁੱਝ ਗਏ।

## ਗੁਰਬਾਣੀ ਕੀਰਤਨ ਦੀਆਂ ਨਵੀਆਂ ਕੈਸਟਾਂ

| ਕੈਸਟ ਦਾ ਨਾਮ | ਗਾਇਕ | ਕੰਪਨੀ |
|---|---|---|
| 1. ਸ਼ਬਦ ਹਜਾਰੇ ਪਤਿਸ਼ਾਹੀ ੧੦ (vol.-2) | | ਵਿਸਮਾਦ ਨਾਦ |
| 2. ਪੰਥ ਖਾਲਸਾ ਭਇਓ ਪੁਨੀਤਾ | ਭਾਈ ਗੁਰਮੀਤ ਸਿੰਘ ਸ਼ਾਂਤ | ਟੀ-ਸੀਰੀਜ਼ |
| 3. ਰਤੇ ਇਸਕ ਖੁਦਾਇ | ਭਾਈ ਹਰਜੀਤ ਸਿੰਘ, ਭਾਈ ਗੁਰਦੀਪ ਸਿੰਘ ਦਿੱਲੀ ਵਾਲੇ | ਟੀ-ਸੀਰੀਜ਼ |
| 4. ਸਤਿਗੁਰ ਮੇਰਾ ਪੂਰਾ | ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ | ਟੀ-ਸੀਰੀਜ਼ |
| 5. ਦੀਨ ਦੁਨੀਆ ਤੇਰੀ ਟੇਕ | ਸੰਤ ਨਿਰੰਜਨ ਸਿੰਘ ਜਵੱਦੀ ਵਾਲੇ | T.P.M. |
| 6. ਮਾਉਲਾ ਖੇਲ ਕਰੇ (vol.-9) | ਸੰਤ ਅਨੂਪ ਸਿੰਘ ਊਨੇ ਵਾਲੇ | ਟੀ-ਸੀਰੀਜ਼ |
| 7. ਨਾਮ ਨਾ ਵਿਸਰੇ (vol.-5) | ਭਾਈ ਚਮਨਜੀਤ ਸਿੰਘ ਲਾਲ ਜੀ | ਟੀ-ਸੀਰੀਜ਼ |
| 8. ਗੁਰ ਕੇ ਚਰਨ ਧੋਇ ਧੋਇ ਪੀਵਾ (vol.-8) | ਭਾਈ ਦਵਿੰਦਰ ਸਿੰਘ ਸੋਢੀ | ਟੀ-ਸੀਰੀਜ਼ |
| 9. ਸਲੋਕ ਭਗਤ ਫਰੀਦ ਜੀ (vol.-11) | ਪ੍ਰੋ. ਸਤਿਨਾਮ ਸਿੰਘ ਸੇਠੀ | ਟੀ-ਸੀਰੀਜ਼ |
| 10. ਆਜਿ ਮੇਰੇ ਆਇ ਹੈਂ | ਭਾਈ ਗੁਰਚਰਨ ਸਿੰਘ ਰਸੀਆ | T.P.M. SSG 1524 |
| 11. ਆਸਾ ਦੀ ਵਾਰ | ਅਕਾਲ ਅਕੈਡਮੀ ਬੜੂ ਸਾਹਿਬ ਦੀਆਂ ਬੀਬੀਆਂ ਦਾ ਜਥਾ | T.P.M. 1515 |
| 12. ਨਾਨਕ ਲੀਲਾ | ਭਾਈ ਦੀਪ ਪਾਲ ਸਿੰਘ ਖਾਲਸਾ | H.M.V. |
| 13. ਗੁਰੂ ਰਾਮਦਾਸ ਰਾਖਉ ਸਰਨਾਈ | ਭਾਈ ਸਰਬਜੀਤ ਸਿੰਘ ਰੰਗੀਲਾ | ਟੀ-ਸੀਰੀਜ਼ |

ਪੇਸ਼ਕਸ : ਭਾਈ ਅਵਤਾਰ ਸਿੰਘ ਹੰਸ

HOTEL AROMA COMPLEX

HOTEL AROMA COMPLEX
Himalaya Marg, Sector 22-C, Chandigarh 160 022
Phone : 700045-48 Fax : 0172-700051

# ਕੈਸਟ ਸਮੀਖਿਆ

## ਭਾਈ ਅਵਤਾਰ ਸਿੰਘ 'ਹੰਸ' ★

**ਕੈਸਟ ਦਾ ਨਾਂ : ਤੇਰੀ ਉਪਮਾ ਤੋਹਿ ਬਨਿ ਆਵੈ**

**ਗਾਇਕ : ਭਾਈ ਅਵਤਾਰ ਸਿੰਘ 'ਦਿੱਲੀ ਵਾਲੇ' ਕੰਪਨੀ : ਟੀ-ਸੀਰੀਜ਼ (ਨੰ: 01/11)**

ਭਾਈ ਸਾਹਿਬ ਭਾਈ ਅਵਤਾਰ ਸਿੰਘ ਜੀ ਪੰਥ ਦੇ ਸਿਰਮੌਰ ਕੀਰਤਨੀਏ ਹਨ ਜੋ ਬੀਤੀ ਅੱਧੀ ਸਦੀ ਤੋਂ ਪ੍ਰੰਪਰਾਗਤ ਸ਼ੈਲੀ ਅਨੁਸਾਰ ਇਲਾਹੀ ਕੀਰਤਨ ਦੀ ਦਾਤ ਸੰਗਤਾਂ ਵਿੱਚ ਵੰਡ ਰਹੇ ਹਨ। ਇਹਨਾਂ ਕੋਲ ਸੀਨਾ-ਬ-ਸੀਨਾ ਚੱਲੀਆਂ ਆ ਰਹੀਆਂ ਪੁਰਾਤਨ ਬੰਦਸ਼ਾਂ ਦਾ ਅਥਾਹ ਭੰਡਾਰ ਹੈ। ਸੰਗੀਤ ਖੇਤਰ ਵਿੱਚ ਆਪ ਜੀ ਦਾ ਯੋਗਦਾਨ ਮਹਾਨ ਹੈ। ਪੁਰਾਤਨ ਬੰਦਸ਼ਾਂ ਨੂੰ ਪ੍ਰਚਾਰ ਵਿੱਚ ਲਿਆਉਣ ਲਈ ਆਪ ਜੀ ਨੇ ਦੋ ਪੁਸਤਕਾਂ "ਗੁਰਬਾਣੀ ਸੰਗੀਤ ਪ੍ਰੰਚਨ ਗੀਤ ਰਤਨਾਵਲੀ ਲਿਖੀਆ ਹਨ ਜਿਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ -ਇਹਨਾਂ ਪੁਸਤਕਾਂ ਨੂੰ 1980 ਵਿੱਚ ਸਰਵੋਤਮ ਸੰਗੀਤ ਪੁਸਤਕ ਦਾ ਇਨਾਮ ਵੀ ਹਾਸਲ ਹੋਇਆ ਹੈ। ਟੀ.ਵੀ. ਦੇ ਲਸ਼ਕਾਰਾ ਚੈਨਲ 'ਤੇ ਅੱਜਕਲ੍ਹ ਭਾਈ ਸਾਹਿਬ ਦਾ ਕੀਰਤਨ ਅਕਸਰ ਆਉਂਦਾ ਹੈ। ਪੁਰਾਤਨ ਪਰੰਪਰਾ ਅਨੁਸਾਰ ਕੀਰਤਨ ਕਰਦੇ ਹਨ। ਭਾਈ ਸਾਹਿਬ ਦੀਆਂ ਹੋਰ ਕਈ ਕੈਸਟਾਂ ਮਾਰਕੀਟ ਵਿੱਚ ਮਿਲਦੀਆ ਹਨ ਮੈਗਨਾਂਸਾਊਂਡ ਕੰਪਨੀ ਵੱਲੋਂ ਤਿਆਰ ਕੀਤਾ 'ਗੁਰਬਾਣੀ ਕੀਰਤਨ' ਨਾਮਕ 2 ਕੈਸਟਾਂ ਦਾ ਸੈੱਟ ਮਿਲਦਾ ਹੈ। ਵਿਸਮਾਦ ਨਾਦ ਦੀਆਂ 'ਗਉੜੀ ਰਾਗ ਸੁਲਖਣੀ' ਨਾਮੀ 3 ਕੈਸਟਾਂ ਦੇ ਸੈੱਟ ਵਿੱਚ ਵੀ ਕਈ ਸ਼ਬਦ ਭਾਈ ਅਵਤਾਰ ਸਿੰਘ ਜੀ ਨੇ ਗਾਏ ਹਨ।

ਉਪਰੋਕਤ ਕੈਸਟ "ਤੇਰੀ ਉਪਮਾ ਤੋਹਿ ਬਨਿ ਆਵੈ", 2 ਕੈਸਟਾਂ ਦੇ ਸੈੱਟ ਵਿੱਚੋਂ vol-2 ਹੈ ਪਹਿਲਾ vol ਸਿੰਘ ਬੰਧੂਆਂ ਦਾ ਹੈ।

ਇਸ ਕੈਸਟ ਵਿੱਚ ਭਾਈ ਸਾਹਿਬ ਨੇ ਸ੍ਰੀ ਗੁਰੂ ਅਮਰਦਾਸ ਜੀ ਨਾਲ ਸਬੰਧਤ ਸ਼ਬਦਾਂ ਦਾ ਗਾਇਨ ਕੀਤਾ ਹੈ। ਕੈਸਟ ਵਿੱਚ ਚਾਰ ਸ਼ਬਦ ਗੁਰੂ ਅਮਰਦਾਸ ਜੀ ਦੀ ਪਵਿੱਤਰ ਬਾਣੀ ਵਿੱਚੋਂ ਹਨ। ਇੱਕ ਸ਼ਬਦ ਗੁਰੂ ਸਾਹਿਬ ਜੀ ਦੀ ਉਸਤਤਿ ਵਿੱਚ ਹੈ ਕੈਸਟ ਦੇ 'ਏ' ਸਾਈਡ ਵਿੱਚ ਪਹਿਲਾ ਸ਼ਬਦ ਤੀਸਰੇ ਪਾਤਿਸ਼ਾਹ ਜੀ ਦੀ ਅਦੁੱਤੀ ਰਚਨਾ ਅਨੰਦ ਸਾਹਿਬ ਵਿੱਚੋਂ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਗ ਰਾਮਕਲੀ ਵਿੱਚ ਪੰਨਾ ਨੰ: (917) 'ਤੇ ਅੰਕਿਤ ਹੈ। ਸ਼ਬਦ ਹੈ 'ਅਨੰਦ ਗੁਰੂ ਤੇ ਜਾਣਿਆ' ਇਸ ਦਾ ਗਾਇਨ ਭਾਈ ਸਾਹਿਬ ਨੇ ਰਾਮਕਲੀ ਰਾਗ ਵਿੱਚ ਹੀ ਕੀਤਾ ਹੈ। ਤਾਲ ਦੀਪਚੰਦੀ ਵਿੱਚ ਨਿਬੱਧ ਹੈ।

ਦੂਜਾ ਸ਼ਬਦ ਹੈ 'ਗੁਰੂ ਦਰਸਨ ਉਧਰੈ ਸੰਸਾਰਾ' ਇਹ ਵੀ ਗੁਰੂ ਅਮਰਦਾਸ ਜੀ ਦੀ ਰਚਨਾ ਵਿੱਚ ਹੈ, ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰ: (391) 'ਤੇ ਰਾਗ ਆਸਾ ਅਧੀਨ ਅੰਕਿਤ ਹੈ। ਇਸ ਦਾ ਗਾਇਨ ਰਾਗ ਆਸਾ ਵਿੱਚ ਹੀ ਕੀਤਾ ਹੈ, ਦਾਦਰਾ ਤਾਲ ਵਿੱਚ ਨਿਬੱਧ ਹੈ। ਇਹ ਪੁਰਾਤਨ ਬੰਦਸ਼ ਹੈ ਇਸ ਦਾ ਗਾਇਨ ਵਧੀਆ ਹੈ।

ਤੀਸਰਾ ਸ਼ਬਦ ਵੀ ਤੀਸਰੇ ਪਾਤਿਸ਼ਾਹ ਜੀ ਦੀ ਰਚਨਾ ਵਿੱਚੋਂ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰ: (666) 'ਤੇ ਰਾਗ ਧਨਾਸਰੀ ਅਧੀਨ ਦਰਜ ਹੈ। ਸ਼ਬਦ ਹੈ "ਹਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਰਹੁ" ਇਸ ਦਾ ਗਾਇਨ ਧਨਾਸਰੀ ਰਾਗ ਵਿੱਚ ਹੀ ਕੀਤਾ ਹੈ ਕੇਹਰਵੇ ਤਾਲ ਵਿੱਚ ਨਿਬੱਧ ਹੈ। ਬਹੁਤ ਸੁੰਦਰ ਤੇ ਸਰਲ ਬੰਦਸ਼ ਹੈ। ਕੈਸਟ ਦੇ 'ਬੀ' ਸਾਈਡ ਤੇ ਪਹਿਲਾ ਸ਼ਬਦ "ਵਿਣ ਬੋਲਿਆ ਸਭੁ ਕਿਛੁ ਜਾਣਦਾ" ਹੈ ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰ: (1419-20) ਤੇ ਸਲੋਕ ਵਾਰਾਂ ਦੇ ਵਧੀਕ ਵਿੱਚੋਂ ਹੈ ਇਹ ਵੀ ਗੁਰੂ ਅਮਰਦਾਸ ਜੀ ਦੀ ਰਚਨਾ ਵਿੱਚੋਂ ਹੈ। ਇਸ ਨੂੰ ਭਾਈ ਸਾਹਿਬ ਨੇ ਰਾਗ ਅਸਾਵਰੀ ਵਿੱਚ ਸੁਰਬੱਧ ਕੀਤਾ ਹੈ ਅਤੇ ਇਹ ਆੜਾ ਚਾਰ ਤਾਲ ਵਿੱਚ ਨਿਬੱਧ ਹੈ 'ਬੀ' ਸਾਈਡ ਤੇ ਕੈਸਟ ਦਾ ਟਾਇਟਲ ਸ਼ਬਦ ਹੈ "ਤੇਰੀ ਉਪਮਾ ਤੋਹਿ ਬਨਿ ਆਵੈ" ਇਹ ਸ਼ਬਦ ਭੱਟਾਂ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਦੀ ਵਡਿਆਈ ਵਿੱਚ ਉਚਾਰਿਆ ਹੋਇਆ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ (ਪੰਨਾ ਨੰ: 1396) 'ਤੇ ਅੰਕਿਤ ਹੈ ਭਾਈ ਸਾਹਿਬ ਨੇ ਇਸ ਦਾ ਗਾਇਨ ਰਾਗ ਅਹੀਰ ਭੈਰਵ ਵਿੱਚ ਕੀਤਾ ਹੈ। ਇਹ ਤਾਲ ਰੂਪਕ ਵਿੱਚ ਨਿਬੱਧ ਹੈ। ਬੜੀ ਮਨਮੋਹਨੀ ਬੰਦਸ਼ ਹੈ। ਢੁਕਵੇਂ ਪ੍ਰਮਾਣ ਵੀ ਲਾਏ ਹਨ ਅਤੇ ਸੰਖੇਪ ਵਿਆਖਿਆ ਵੀ ਕੀਤੀ ਹੈ।

ਸਮੁੱਚੀ ਕੈਸਟ ਵਿੱਚ ਪੁਰਾਤਨ ਪਰੰਪਰਾ ਅਨੁੰਸਾਰ ਕੀਰਤਨ ਸੁਣਨ ਨੂੰ ਮਿਲਦਾ ਹੈ। ਅਜਿਹਾ ਸ਼ੁੱਧ ਕੀਰਤਨ ਹੀ ਮਨੁੱਖ ਦੀ ਸੁਰਤ ਨੂੰ ਵਾਹਿਗੁਰੂ ਜੀ ਨਾਲ ਮੇਲ ਸਕਦਾ ਹੈ। ਇਸ ਲਈ ਇਹ ਕੈਸਟ ਕੀਰਤਨ ਪ੍ਰੇਮੀਆਂ ਲਈ ਅਨਮੋਲ ਤੋਹਫਾ ਹੈ। ਸਾਰੀ ਕੈਸਟ ਹੀ ਕਾਬਿਲੇ ਤਾਰੀਫ ਹੈ। ਕੀਰਤਨ ਪ੍ਰੇਮੀ ਇਸ ਤੋਂ ਲਾਹਾ ਪ੍ਰਾਪਤ ਕਰਨ।

★ ਗੁਰਦੁਆਰਾ ਨਾਨਕ ਪੁਰਾ, ਸੁਨਾਮੀ ਗੇਟ, ਸੰਗਰੂਰ

# ਪੁਸਤਕ ਸਮੀਖਿਆ

ਡਾ. ਗੁਰਮੀਤ ਸਿੰਘ ਬੈਦਵਾਨ ★

ਪੁਸਤਕ : ਬੰਧਨ ਤੇ ਮੁਕਤੀ   ਲੇਖਕ : ਪ੍ਰੋ. ਹਿੰਮਤ ਸਿੰਘ ਸੋਢੀ

ਪੰਨੇ : 166   ਕੀਮਤ : 200 ਰੁਪਏ   ਪ੍ਰਕਾਸ਼ਕ : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ।

ਪ੍ਰੋ. ਹਿੰਮਤ ਸਿੰਘ ਸੋਢੀ ਪੰਜਾਬੀ ਸਾਹਿਤ ਆਲੋਚਨਾ ਦਾ ਸਨਮਾਨਯੋਗ ਹਸਤਾਖਰ ਹੈ। ਪੰਜਾਬ ਤੋਂ ਬਾਹਰ ਰਹਿੰਦਿਆਂ ਵੀ ਪੰਜਾਬੀ ਮਾਂ ਬੋਲੀ ਦੀ ਸੇਵਾ ਲਈ ਸਲਗਨ ਪ੍ਰੋ. ਸੋਢੀ ਇੱਕ ਦਰਜਨ ਤੋਂ ਵੱਧ ਪੰਜਾਬੀ ਸਾਹਿਤ ਤੇ ਆਲੋਚਨਾ ਦੀਆਂ ਪੁਸਤਕਾਂ ਪਾਠਕਾਂ ਦੀ ਨਜ਼ਰ ਕਰ ਚੁੱਕਾ ਹੈ। ਇਹਨਾਂ ਵਿੱਚੋਂ ਕੁਝ ਮੌਲਿਕ ਪੁਸਤਕਾਂ ਤੋਂ ਇਲਾਵਾ ਉਹਨਾਂ ਕੁਝ ਪੁਸਤਕਾਂ ਤੇ ਆਪਣੀ ਸੁਚੱਜੀ ਸੰਪਾਦਨਾ ਦੀ ਛਾਪ ਵੀ ਛੱਡੀ ਹੈ। ਪ੍ਰੋ. ਹਿੰਮਤ ਸਿੰਘ ਸੋਢੀ ਦੇ ਵਿਚਾਰ ਵਿਮਰਸ਼ ਦਾ ਧਰਾਤਲ ਗੁਰਬਾਣੀ ਹੈ। ਗੁਰਬਾਣੀ ਦੇ ਸਿਧਾਂਤਾਂ ਨੂੰ ਜੀਵਨ ਦੇ ਵਿਕਾਸ ਕ੍ਰਮ ਨਾਲ ਜੋੜ ਕੇ ਜਿਹੜੀ ਪੜਚੋਲ ਪ੍ਰੋ. ਸੋਢੀ ਨੇ ਕੀਤੀ ਹੈ ਉਹ ਬੜੇ ਤਿੱਖੇ ਨਿਸ਼ਾਨੇ ਸੇਧਦੀ ਹੈ। ਹਥਲੀ ਪੁਸਤਕ ਬੰਧਨ ਤੇ ਮੁਕਤੀ ਇੱਕ ਨਿਵੇਕਲੀ ਦਿਸ਼ਾ ਨਿਰਧਾਰਤ ਕਰਦੀ ਹੈ।

ਪੁਸਤਕ ਦੇ ਪਹਿਲੇ ਹੀ ਚੈਪਟਰ ਬੰਧਨ ਤੇ ਮੁਕਤੀ ਜੋ ਕਿ ਪੁਸਤਕ ਦਾ ਟਾਇਟਲ ਵੀ ਹੈ ਵਿੱਚ ਚਾਰ ਪਦਾਰਥਾਂ ਨੂੰ ਮਨੁੱਖੀ ਉਮਰ ਦੇ ਪੜਾਵਾਂ ਨਾਲ ਸੰਗਠਿਤ ਕਰਕੇ ਗੁਰਬਾਣੀ ਅਨੁਸਾਰ ਚਾਰ ਪਹਿਰਾਂ ਦੇ ਫਾਰਮੂਲੇ ਅਧੀਨ ਵਿਚਾਰਿਆ ਹੈ। ਗੁਰਬਾਣੀ ਦੇ ਅਰਥ ਬੋਧ ਅਧੀਨ ਲੇਖਕ ਦੇ ਵਿਚਾਰ ਇਕਰਸ ਵਿਗਸਦੇ ਹੋਏ ਜ਼ਿੰਦਗੀ ਨੂੰ ਜਿਊਣ ਦੇ ਅਭਿਆਸ ਵਿੱਚ ਆਤਮ ਰਸ ਲੈ ਆਏ ਹਨ। ਇਹੋ ਆਤਮਰਸ ਜ਼ਿੰਦਗੀ ਨੂੰ ਬੰਧਨਾਂ ਤੋਂ ਮੁਕਤੀ ਵੱਲ ਲੈ ਤੁਰਦਾ ਹੈ।

'ਹੁਕਮ' ਸ਼ਬਦ ਦੀ ਸੰਸਾਰਕ ਪੱਧਰ ਤੇ ਜਾਣ ਪਛਾਣ ਕਰਾਉਂਦਿਆਂ ਲੇਖਕ ਨੇ ਇਸ ਨੂੰ ਅਕਾਲ ਪੁਰਖ ਦੇ ਭਾਣੇ ਨਾਲ ਜਾ ਜੋੜਿਆ ਹੈ। ਦਿਸਦੇ ਸੰਸਾਰ ਦੇ ਹੁਕਮ ਮਨੁੱਖ ਹਰ ਪਲ ਮੰਨ ਰਿਹਾ ਹੈ, ਪਰ ਇਹਨਾਂ ਹੁਕਮਾਂ ਦੇ ਪਿੱਛੇ ਕਿਸ ਦਾ ਹੁਕਮ ਹੈ? ਇਸ ਦੀ ਪਛਾਣ ਇਸ ਪੁਸਤਕ ਵਿੱਚੋਂ ਸਹਿਜੇ ਹੀ ਹੋ ਜਾਂਦੀ ਹੈ। ਮਨੁੱਖੀ ਹੋਣੀ ਦੇ ਨਾਲ ਹੀ ਰਜ਼ਾ ਵਿੱਚ ਰਹਿਣ ਦੇ ਸੰਦੇਸ਼ ਨੂੰ ਜੋੜਨਾ ਹੁਕਮ ਦੀ ਅਕੱਥ ਖੇਡ ਵਿੱਚ ਜੁੱਟੇ ਰਹਿਣ ਵੱਲ ਸੰਕੇਤ ਹੈ। ਇਹੀ ਖੇਡ ਖੇਡਦਿਆਂ ਜ਼ਿੰਦਗੀ ਦਾ ਬੇੜਾ ਕਿਸ ਵੇਲੇ ਭਵਜਲ ਤੋਂ ਪਾਰ ਜਾ ਲੱਗਣਾ ਹੈ, ਦਾ ਪਤਾ ਵੀ ਨਹੀਂ ਲਗਣਾ।

ਸੁੱਖਾਂ ਦੁੱਖਾਂ ਦੀ ਇਸ ਖੇਡ ਦਾ ਜ਼ਿਕਰ ਲੇਖਕ ਨੇ ਸੁਖਮਨੀ ਸਾਹਿਬ ਦੇ ਪ੍ਰਸੰਗ ਵਿੱਚ ਵੀ ਕੀਤਾ ਹੈ। ਨਿਰਮਾਣਤਾ ਨੂੰ ਆਧਾਰ ਮੰਨਦੇ ਹੋਏ ਲੇਖਕ ਨੇ ਮਨੋਬਿਰਤੀਆਂ ਨੂੰ ਇਕਾਗਰਚਿਤ ਕਰਨ ਦੀ ਸਲਾਹ ਦਿੱਤੀ ਹੈ। ਸ਼ੁਭ ਅਮਲਾਂ ਵਾਲੇ ਕਾਰਜਾਂ ਦੇ ਨਿਰੰਤਰ ਵਹਿਣ ਲਈ ਅਕਾਲ ਪੁਰਖ ਦੀ ਓਟ ਆਸਰੇ ਵਾਲੇ ਕਿਨਾਰੇ ਪੱਕੇ ਕਰਨ ਦੀ ਲੋੜ ਹੈ ਤਾਂ ਕਿ ਅੰਦਰਲੇ ਚੋਰ ਕਿਧਰੇ ਰਾਹ ਵਿੱਚ ਹੀ ਪਾੜ ਨਾ ਪਾ ਲੈਣ। 'ਬਾਰਾਂ ਮਾਹਾਂ' ਰਾਗ ਦੇ ਸਿਰਲੇਖ ਅਧੀਨ ਲੇਖਕ ਨੇ ਜੀਵ ਰੂਪ ਇਸਤ੍ਰੀ ਨੂੰ ਪਤੀ ਪਰਮੇਸ਼ਰ ਦੀ ਰਜ਼ਾ ਅਨੁਸਾਰ ਹੀ ਜੀਣ ਲਈ ਕਿਹਾ ਹੈ। ਇਸ ਜੀਵ ਨੂੰ ਦਿਖਾਵੇ ਲਈ ਨਹੀਂ ਸਗੋਂ ਧੁਰ ਦਰਗਾਹ ਪ੍ਰਵਾਣ ਚੜ੍ਹਨ ਵਾਲਾ ਸੁਹੱਪਣ ਪੈਦਾ ਕਰਨ ਦੀ ਲੋੜ ਹੈ। ਪ੍ਰੋ. ਸੋਢੀ ਨੇ ਪ੍ਰਕਿਰਤੀ ਦੇ ਵਰਤਾਰੇ ਨੂੰ ਪ੍ਰਭੂ ਮਿਲਾਪ ਲਈ ਕਿਸ ਤਰ੍ਹਾਂ ਚਿਤਰਿਆ ਹੈ ਕਿ ਕੋਈ ਸਹਿਜੇ ਹੀ ਆਪਣੇ ਆਪ ਨੂੰ ਇਸ ਦਾ ਅੰਗ ਸਮਝਦਾ ਹੋਇਆ ਇਸ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ।

'ਜਪੁਜੀ' ਦੀ ਮੂਲ ਵਿਚਾਰ ਕਰਦਿਆਂ ਲੇਖਕ ਨੇ ਮਨੁੱਖ ਨੂੰ ਉਸਦੇ ਕਾਰ-ਵਿਹਾਰ ਵਿੱਚ ਸਚਿਆਰ ਹੋਣ ਦੀ ਤਜਵੀਜ਼ ਦੱਸੀ ਹੈ। ਜਪੁਜੀ ਦੇ ਆਸ਼ੇ ਅਨੁਸਾਰ ਗੱਲ ਫੇਰ ਹੁਕਮ ਤੇ ਆ ਜਾਂਦੀ ਹੈ। ਹੁਕਮ ਤੇ ਰਜ਼ਾ ਵਿੱਚ ਰਹਿਣ ਨਾਲ ਇੱਕ ਤਾਂ ਪ੍ਰਭੂ ਦਾ ਹਮੇਸ਼ਾਂ ਭੈ ਬਣਿਆ ਰਹਿੰਦਾ ਹੈ ਦੂਜਾ ਇਸ ਭੈ ਕਾਰਨ ਮਨੁੱਖ ਕਿਸੇ ਦਾ ਦਿਲ ਦੁਖਾਉਣ ਦੀ ਹਿੰਮਤ ਨਹੀਂ ਕਰਦਾ। ਅਜਿਹਾ ਹੋਣ ਨਾਲ ਸ਼ੁਭ ਅਮਲ ਹੋਂਦ ਵਿੱਚ ਆਉਂਦੇ ਹਨ। ਅਜਿਹੇ ਯਤਨ ਹੀ ਸਾਰਥਕ ਹਨ ਜੋ ਕਿਸੇ ਨਾ ਕਿਸੇ ਵੇਲੇ ਸਦੀਵੀ ਪ੍ਰਕਾਸ਼ ਦੀਆਂ ਕਿਰਨਾਂ ਦੀ ਭਾਲ ਕਰ ਲੈਂਦੇ ਹਨ। 'ਬੀਰ ਨਾਇਕ' ਦਾ ਸੰਕਲਪ ਲੇਖਕ ਨੇ ਇਸ ਕਰਕੇ ਆਪਣੀ ਵਿਚਾਰ ਦਾ ਹਿੱਸਾ ਬਣਾਇਆ ਹੈ ਤਾਂ ਕਿ ਪਿੱਛੇ ਦਿੱਤੇ ਵਿਚਾਰਾਂ ਨੂੰ ਪੜ੍ਹ ਸੁਣ ਕੇ ਕੋਈ ਇਸ ਬਿਖਮ ਮਾਰਗ 'ਤੇ ਦ੍ਰਿੜਤਾ ਨਾਲ ਤੁਰ ਵੀ ਪਵੇ। ਇਤਿਹਾਸਕ ਪ੍ਰਸੰਗਾਂ ਅਤੇ ਗੁਰਬਾਣੀ ਦੇ ਹਵਾਲਿਆਂ ਰਾਹੀਂ ਲੇਖਕ ਨੇ ਪਾਠਕ ਮਨਾਂ ਅੰਦਰ ਦ੍ਰਿੜਤਾ ਦਾ ਬੀਜ ਬੀਜਿਆ ਹੈ। ਦਸਮ ਗ੍ਰੰਥ ਵਿੱਚ ਰਾਸ਼ਟਰੀ ਏਕਤਾ ਬਾਰੇ ਗੱਲ ਕਰਦਿਆਂ ਲੇਖਕ ਇਸ ਗ੍ਰੰਥ ਨੂੰ ਬਹੁਪੱਖੀ ਨਜ਼ਰੀਏ ਵਾਲਾ ਕਹਿੰਦਾ ਹੈ। ਉਸ ਦਾ ਕਹਿਣਾ ਹੈ ਕਿ

★ ਪਿੰਡ ਬਾਸੀਆਂ ਬੈਦਵਾਨ ਡਾ. ਮੱਛਲੀ ਕਲਾਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ (ਪੰਜਾਬ)

ਜੇਕਰ ਗੁਰਬਾਣੀ ਆਤਮਕ ਰਸ ਪ੍ਰਦਾਨ ਕਰਦੀ ਹੈ ਤਾਂ ਗੁਰੂ ਸਾਹਿਬ ਨੇ ਪੌਰਾਣਿਕ ਪ੍ਰਸੰਗਾਂ ਰਾਹੀਂ ਮਨੁੱਖੀ ਆਜ਼ਾਦੀ ਦੀ ਵਿਥਿਆ ਵੀ ਦ੍ਰਿੜ ਕਰਵਾਈ ਹੈ। ਦਸਮ ਗ੍ਰੰਥ ਦੀ ਮਹਾਨਤਾ ਵੀ ਇਸੇ ਪ੍ਰਸੰਗ ਵਿੱਚ ਆਜ਼ਾਦੀ ਨੂੰ ਕਾਇਮ ਰੱਖਣ ਲਈ ਜੁਝਾਰੂ ਯੋਧੇ ਪੈਦਾ ਕਰਨ ਦੀ ਗਾਥਾ ਹੈ।

'ਰਾਮ ਕਥਾ ਜੁਗ ਜੁਗ ਅਟੱਲ' ਵਿੱਚ ਇਹ ਦਰਸਾਇਆ ਗਿਆ ਹੈ ਕਿ ਕੁਝ ਨੀਤੀਵਾਨ ਲੋਕ ਆਪਣੀ ਵੇਦਨਾ ਪ੍ਰਗਟ ਕਰਨ ਲਈ ਇਤਿਹਾਸਕ ਮਿਥਿਹਾਸਕ ਨਾਇਕਾਂ ਦੇ ਸੰਕਲਪ ਰਾਹੀਂ ਸਰਬ ਸਾਂਝੇ ਸੰਦੇਸ਼ ਦਿੰਦੇ ਹਨ। ਪਰ ਅਜਿਹੀ ਵਿਵਸਥਾ ਉਦੋਂ ਚਿੰਤਾ ਦਾ ਵਿਸ਼ਾ ਬਣ ਜਾਂਦੀ ਹੈ ਜਦੋਂ ਕੋਈ ਆਪਣੀ ਨਿੱਜੀ ਸੋਚ ਅਨੁਸਾਰ ਸਾਂਝੇ ਸੱਚ ਨੂੰ ਢਾਲ ਕੇ ਪੇਸ਼ ਕਰਦਾ ਹੈ। ਅਜਿਹਾ ਕਰਨ ਨਾਲ ਗੱਲ ਮੂਲ ਅਰਥਾਂ ਤੋਂ ਪਰੇ ਚਲੀ ਜਾਂਦੀ ਹੈ। 'ਆਦਿ ਬੀੜ' ਦੇ ਸੰਪਾਦਨ ਅਤੇ ਮਹੱਤਵ ਬਾਰੇ ਲੇਖਕ ਦਾ ਕਹਿਣਾ ਹੈ ਕਿ ਮਨੁੱਖਤਾ ਦੇ ਸਾਂਝੇ ਧਰਮ ਲਈ ਇਸ ਦੀ ਸੰਪਾਦਨਾ ਬੜੀ ਜ਼ਰੂਰੀ ਸੀ। ਜਿੱਥੇ ਇਸ ਵਿੱਚ ਭਗਤਾਂ, ਭੱਟਾਂ ਦੀ ਬਾਣੀ ਨੂੰ ਗੁਰੂ ਸਾਹਿਬਾਂ ਦੇ ਸਮਾਨ ਸਨਮਾਨ ਹਾਸਿਲ ਹੈ ਉੱਥੇ ਸੱਚੀ ਬਾਣੀ ਦੀ ਪਛਾਣ ਕਰਵਾਕੇ ਕੱਚੀ ਬਾਣੀ ਤੋਂ ਛੁਟਕਾਰਾ ਦਿਲਾਇਆ ਗਿਆ ਹੈ। 'ਕ੍ਰਿਸ਼ਨ ਅਵਤਾਰ' ਬਾਰੇ ਸਿੱਖ ਦ੍ਰਿਸ਼ਟੀਕੋਨ ਸਪਸ਼ਟ ਕਰਦਿਆਂ ਲੇਖਕ ਨੇ ਗੁਰਬਾਣੀ ਅਨੁਸਾਰ ਕ੍ਰਿਸ਼ਨ ਦੇ ਨਿਰਗੁਣ ਤੇ ਸਰਗੁਣ ਸਰੂਪ ਨੂੰ ਉਹਨਾਂ ਦੇ ਢੁਕਵੇਂ ਅਰਥਾਂ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਹੈ।

ਨਾਨਕ ਬਾਣੀ ਅਨੁਸਾਰ ਚਾਰ ਜੁੱਗਾਂ ਬਾਰੇ ਵਿਚਾਰ ਪ੍ਰਗਟ ਕਰਦਿਆਂ ਲੇਖਕ ਨੇ ਸਤਿਜੁਗ ਤੋਂ ਬਿਨਾਂ ਬਾਕੀ ਸਾਰੇ ਜੁੱਗਾਂ ਨੂੰ ਮਨੁੱਖਤਾ ਦੇ ਵਿਰੋਧੀ ਹੀ ਗਰਦਾਨਿਆ ਹੈ। ਲੇਖਕ ਦਾ ਕਹਿਣਾ ਹੈ ਕਿ ਇਹਨਾਂ ਜੁਗਾਂ ਵਿੱਚ ਧਰਮ ਤਾਂ ਸੀ ਪਰ ਧਾਰਮਿਕਤਾ ਨਹੀਂ ਸੀ। ਧਾਰਮਿਕਤਾ ਤੋਂ ਬਿਨਾਂ ਧਰਮ ਦਾ ਕੋਈ ਅਰਥ ਨਹੀਂ। ਇਸ ਤਰ੍ਹਾਂ ਬਾਣੀ ਤੋਂ ਬਿਨਾਂ ਬਾਣੇ ਦਾ ਕੋਈ ਅਰਥ ਨਹੀਂ। ਮਾਰਕਸੀ ਲਹਿਰ ਦੀ ਸੋਚ ਨੂੰ ਕੱਟ ਕਰਦਿਆਂ ਲੇਖਕ ਧਰਮ ਨੂੰ ਅਫੀਮ ਨਹੀਂ ਮੰਨਦਾ। ਲੇਖਕ ਦਾ ਮੰਨਣਾ ਹੈ ਕਿ ਜਿਸ ਧਰਮ ਦੇ ਮਾਰਗ ਦਰਸ਼ਨ ਵਿੱਚ ਮਨੁੱਖਤਾ ਦੀ ਆਜ਼ਾਦੀ ਲਈ ਏਨੀ ਵੱਡੀ ਲਹਿਰ ਚੱਲੀ ਹੋਵੇ ਤੇ ਸਦੀਆਂ ਦੀ ਗੁਲਾਮੀ ਦਾ ਜੂਲਾ ਗਲੋਂ ਲਾਹਿਆ ਹੋਵੇ ਉਸ ਧਰਮ ਨੂੰ ਅਫੀਮ ਕਿਵੇਂ ਮੰਨਿਆ ਜਾ ਸਕਦਾ ਹੈ? 'ਇੱਕੀਵੀਂ ਸਦੀ' ਦੇ ਰੌਲੇ ਰੱਪੇ ਬਾਰੇ ਲੇਖਕ ਨੇ ਬੜੇ ਪਤੇ ਦੀਆਂ ਗੱਲਾਂ ਕੀਤੀਆਂ ਹਨ। ਇਸ ਨੂੰ ਮੁਫਤ ਦਾ ਝੰਮੇਲਾ ਦੱਸਦਾ ਹੋਇਆ ਲੇਖਕ ਕਹਿੰਦਾ ਹੈ ਕਿ ਸਿਰਫ ਤਾਰੀਖ ਦੇ ਬਦਲਣ ਨਾਲ ਕੋਈ ਅਲੋਕਾਰ ਕੰਮ ਨਹੀਂ ਹੋ ਜਾਣਾ, ਲੋੜ ਸਿਰਫ ਸਮੇਂ ਅਨੁਸਾਰ ਸੋਚ ਨੂੰ ਵਿਕਸਤ ਕਰਨ ਦੀ ਹੈ।

'ਸਿਰੋਪੇ' ਦੀ ਪਰੀਭਾਸ਼ਾ ਨਿਸਚਿਤ ਕਰਦਿਆਂ ਲੇਖਕ ਨੇ ਇਹਨਾਂ ਸਿਰੋਪਿਆਂ ਦੇ ਲੈਣ ਦੇਣ ਨੂੰ ਧਾਰਮਿਕ ਅਕੀਦੇ ਅਨੁਸਾਰ ਨਹੀਂ ਸਗੋਂ ਦੂਸ਼ਿਤ ਹੋ ਚੁੱਕੀ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ। ਇਸੇ ਤਰ੍ਹਾਂ ਬਾਬਾ ਸ੍ਰੀ ਚੰਦ ਜੀ ਦੀ ਦੇਣ ਉਦਾਸੀ ਸੰਪਰਦਾ ਦੇ ਧਾਰਮਿਕ ਅਨੁਸ਼ਾਸ਼ਨ ਅਤੇ ਗੁਰਮੁਖੀ ਲਿਪੀ ਦੇ ਵਿਕਾਸ ਵਿੱਚ ਯੋਗਦਾਨ ਕਰਕੇ ਮੰਨੀ ਹੈ। ਸਿੱਖ ਆਰਥਿਕਤਾ ਦੀ ਮਜਬੂਤੀ ਲਈ ਸੱਚੀ ਸੁੱਚੀ ਕਿਰਤ ਦੀ ਵਕਾਲਤ ਕਰਦਿਆਂ ਇੱਕ ਸ਼ਬਦ ਤੇ ਨਿਸ਼ਚਾ ਕਰਨ ਦੀ ਹਦਾਇਤ ਕੀਤੀ ਹੈ।

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਪ੍ਰੋ. ਹਿੰਮਤ ਸਿੰਘ ਸੋਢੀ ਨੇ ਅਧਿਆਤਮਕ ਵਿਸ਼ੇ ਵਾਲੇ ਇਸ ਕਾਰਜ ਨੂੰ ਆਲੋਚਨਾਤਮਿਕ ਦ੍ਰਿਸ਼ਟੀ ਤੋਂ ਬੜੀ ਗੰਭੀਰਤਾ ਨਾਲ ਵਿਚਾਰਨ ਦੀ ਹਿੰਮਤ ਕੀਤੀ ਹੈ। ਆਪਣੇ ਗਿਆਨ ਦਾ ਵਿਸ਼ਾਲ ਮੁਜ਼ਾਹਰਾ ਕਰਦਿਆਂ ਪ੍ਰੋ. ਹਿੰਮਤ ਸਿੰਘ ਸੋਢੀ ਨੇ ਅਨੇਕਾਂ ਪ੍ਰਸੰਗਾਂ ਨੂੰ ਢੁਕਵੀਂ ਥਾਂ ਤੇ ਰੱਖਦਿਆਂ ਸਾਰਥਕ ਨਤੀਜਿਆਂ ਤੇ ਅਪੜਨ ਦਾ ਸਫਲ ਯਤਨ ਕੀਤਾ ਹੈ। ਅਜਿਹੀਆਂ ਪੁਸਤਕਾਂ ਵਿੱਚੋਂ ਮਿਲਦੀਆਂ ਸੇਧਾਂ ਭਵਜਲ ਤਰਨ ਦੇ ਯਤਨਾਂ ਵਿੱਚ ਲੱਗੀਆਂ ਜਿੰਦਾਂ ਦੀ ਬਾਂਹ ਫੜਨ ਦੇ ਸਮਰਥ ਹਨ।


ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15-A, ਚੰਡੀਗੜ੍ਹ
ਫੋਨ-772660

ਅੰਮ੍ਰਿਤ ਵਰਖਾ
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058



ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ ਪਰ ਕਿਸੇ ਮਜਬੂਰੀ ਕਾਰਨ ਚੰਦਾ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ। ਅਸੀਂ ਤੁਹਾਨੂੰ ਇੱਕ ਸਾਲ ਲਈ 'ਅੰਮ੍ਰਿਤ ਕੀਰਤਨ' ਮੁਫਤ ਭੇਜਦੇ ਰਹਾਂਗੇ।

# ਪੁਸਤਕ ਸਮੀਖਿਆ

ਡਾ. ਹਰਨੇਕ ਸਿੰਘ ਕਲੇਰ ★

**ਪੁਸਤਕ** : ਖਾਲਸੇ ਦੀ ਜੋਤਿ ਤੇ ਜੁਗਤਿ **ਲੇਖਕ** : ਪ੍ਰੋ. ਜੋਗਿੰਦਰ ਸਿੰਘ

**ਪੰਨੇ** : 220 **ਕੀਮਤ** : 100 ਰੁਪਏ **ਪ੍ਰਕਾਸ਼ਕ** : ਸੁੰਦਰ ਸਰੂਪ ਪ੍ਰਕਾਸ਼ਨ, ਨਵੀਂ ਦਿੱਲੀ

'ਜੋਤਿ' ਇੱਕ ਹੈ। ਸਰੂਪ ਭਿੰਨ ਭਿੰਨ ਹਨ। ਜੁਗਤਿ ਇੱਕ ਹੈ। ਪਰਮੇਸ਼ਰ ਨੂੰ ਪਾਉਣ ਦੇ ਸਾਧਨ ਵੱਖ-ਵੱਖ ਹਨ। ਪ੍ਰੋ. ਜੋਗਿੰਦਰ ਸਿੰਘ ਜੀ ਦੀ ਖਾਲਸਾ ਸ਼ਤਾਬਦੀ ਨੂੰ ਸਮਰਪਿਤ ਪੁਸਤਕ 'ਖਾਲਸੇ ਦੀ ਜੋਤਿ ਤੇ ਜੁਗਤਿ' ਇਸ ਫ਼ਿਲਾਸਫੀ ਦਾ ਖੁਲਾਸਾ ਕਰਦੀ ਹੈ। ਲੇਖਕ ਨੇ ਇਸ ਪੁਸਤਕ ਵਿੱਚ ਗੁਰੂ ਸਾਹਿਬਾਨ ਦੇ ਜਨਮ-ਜਾਮਿਆ ਨੂੰ 'ਇੱਕ ਜੋਤਿ' ਮੂਰਤੀਮਾਨ ਪ੍ਰਵਾਨ ਕਰਦਿਆਂ, ਗੁਰੂ ਸਾਹਿਬਾਨ ਦੀ ਫਿਲਾਸਫੀ ਦੀ ਇੱਕਸੁਰਤਾ ਦੇ ਸੰਕਲਪ ਨੂੰ ਦ੍ਰਿੜਾਇਆ ਹੈ।

ਪੁਸਤਕ 'ਖਾਲਸੇ ਦੀ ਜੋਤਿ ਤੇ ਜੁਗਤਿ' ਵਿੱਚ ਪ੍ਰੋ. ਜੋਗਿੰਦਰ ਸਿੰਘ ਗੁਰਮਤਿ ਚਿੰਤਨ ਬਾਰੇ ਆਪਣਾ ਦ੍ਰਿਸ਼ਟੀਕੋਣ ਸਪਸ਼ਟ ਕਰਦੇ ਹੋਏ ਦੱਸਦੇ ਹਨ ਕਿ ਦਸ ਗੁਰੂ ਜੋਤਾਂ ਨੇ ਇੱਕ ਜੋਤਿ ਸਰੂਪ ਹੋ ਕੇ ਵੱਖ-ਵੱਖ ਸਮੇਂ, ਸਥਾਨ ਅਤੇ ਪ੍ਰਸਥਿਤੀਆਂ ਵਿੱਚ ਵਿਚਰਦਿਆਂ ਹੋਇਆ, ਮਾਨਵ ਨੂੰ ਇੱਕ ਜੁਗਤ ਸੰਗ 'ਅਕਾਲ ਪੁਰਖ' ਨਾਲ ਅਭੇਦਤਾ ਪਾਉਣ ਦੀ ਜੁਗਤ ਸਮਝਾਈ। ਇਸ ਵਿਚਾਰਧਾਰਾ ਦੀ ਵਿਆਖਿਆ ਹਿੱਤ ਵਿਦਵਾਨ ਲੇਖਕ ਨੇ ਇਸ ਪੁਸਤਕ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ ਸੋਲਾਂ ਲੇਖ ਸ਼ਾਮਲ ਹਨ। ਇਹਨਾਂ ਲੇਖਾਂ ਵਿੱਚ ਲੇਖਕ ਨੇ ਗੁਰੂ ਸਾਹਿਬਾਨ ਦੀ ਅਧਿਆਤਮਿਕ ਚਿੰਤਨ ਧਾਰਾ ਵਿੱਚ 'ਜੋਤਿ ਤੇ ਜੁਗਤਿ' ਨੂੰ ਦ੍ਰਿੜਾਉਂਦਿਆ ਗੁਰਮਤਿ ਦੇ ਸੰਕਲਪ ਅਤੇ ਸਿਧਾਤਾਂ ਨੂੰ ਉਜਾਗਰ ਕੀਤਾ ਹੈ। ਗੁਰੂ ਸਾਹਿਬਾਨ ਨੇ ਸਮਕਾਲੀ ਪ੍ਰਸਥਿਤੀਆਂ ਸੰਗ ਜੂਝਦਿਆਂ, ਲੋਕਾਈ ਨੂੰ ਸਮਾਜਿਕ ਤੇ ਸਭਿਆਚਾਰਕ ਚਿੰਤਨ ਬਖ਼ਸ਼ਿਸ਼ ਕਰਨ ਦੇ ਨਾਲ ਨਾਲ ਆਤਮਿਕ ਬਲ ਵੀ ਪ੍ਰਦਾਨ ਕੀਤਾ। ਵਿਦਵਾਨ ਲੇਖਕ ਇਹ ਨਿਰਨਾ ਦਿੰਦਾ ਹੈ ਕਿ ਜੋ ਦ੍ਰਿਸ਼ਟੀਕੋਣ ਗੁਰੂ ਨਾਨਕ ਦੇਵ ਜੀ ਨੇ ਪੇਸ਼ ਕੀਤਾ ਦੂਜੇ ਗੁਰੂ, ਗੁਰੂ ਅੰਗਦ ਦੇਵ ਜੀ ਨੇ ਗੁਰੂ ਦੇ ਸ਼ਬਦ ਦੀ ਘਾਲ-ਕਮਾਈ ਕਰਦਿਆਂ ਇਹਨਾਂ ਸਿਧਾਤਾਂ ਨੂੰ ਹੀ ਪ੍ਰਚਾਰਿਆ। ਇੰਝ ਹੀ ਗੁਰੂ ਅਮਰ ਦਾਸ ਜੀ ਨੇ ਭਗਤੀ ਦੀ ਚਿੰਤਨਧਾਰਾ ਨੂੰ ਸਿੱਖ ਸੇਵਕਾਂ ਦੇ ਹਿਰਦਿਆਂ ਵਿੱਚ ਵਸਾਇਆ ਅਤੇ ਸਮੁੱਚੇ ਸਮਾਜ ਨੂੰ ਸਦਾਚਾਰ ਭਰਪੂਰ ਜੀਵਨ ਜਿਉਂਣ ਦੀ ਪ੍ਰੇਰਨਾ ਕੀਤੀ। ਉਪਰੰਤ ਸਭਨਾਂ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਦੇ ਨਿਰਮਲ ਪੰਥ ਨੂੰ ਹੀ ਜਗਤ ਵਿੱਚ ਪਰਚਾਰਿਆ।

ਲੇਖਕ ਨੇ ਪੁਸਤਕ ਦੇ ਪ੍ਰਥਮ ਲੇਖ, ਜੋਤਿ ਰੂਪਿ ਹਰਿ ਆਪ, ਵਿੱਚ 'ਹਰਿ' ਦੇ ਸੰਕਲਪ ਨੂੰ ਰੂਪਮਾਨ ਕਰਨ ਲਈ 'ਧੁਰ ਕੀ ਬਾਣੀ', 'ਪਾਰਬ੍ਰਹਮ', 'ਪ੍ਰਤੱਖ ਹਰਿ', 'ਬੇਗਮਪੁਰਾ' ਅਤੇ 'ਅਬਚਲ ਨਗਰ' ਪਦਾਂ ਦੀ ਵਰਤੋਂ ਕੀਤੀ ਹੈ। ਵਾਹਿਗੁਰੂ, ਗੋਬਿੰਦ, ਰਾਮ ਪਾਰਬ੍ਰਹਮ, ਪਰਮੇਸ਼ਰ, ਇਹ ਲਫ਼ਜ਼ 'ਹਰਿ' ਦੇ ਸਮਾਨਾਰਥਕ ਸ਼ਬਦਾਂ ਦੇ ਰੂਪ ਵਿੱਚ ਪ੍ਰਚੱਲਤ ਹਨ। 'ਹਰਿ' ਦਾ ਸਰੂਪ 'ਸਰਗੁਣ ਤੇ ਨਿਰਗੁਣ' ਇੱਕ ਸਮਾਨ ਹੈ। 'ਹਰਿ' ਤੋਂ ਗੁਰੂ, ਗੁਰੂ ਤੋਂ ਹਰਿ, ਗੁਰੂ ਤੋਂ ਪਰਮੇਸ਼ਰ, ਪਰਮੇਸ਼ਰ ਤੋਂ ਗੁਰੂ, ਸਮਰੂਪ ਸ਼ਬਦ ਹਨ। ਅਧਿਆਤਮਿਕ ਚਿੰਤਨ ਦੀ ਇਸ ਸਥਿਤੀ ਵਿੱਚ ਮਾਨਵ ਦੇਹ ਦੀ ਹੋਂਦ ਨਹੀਂ ਰਹਿੰਦੀ। ਇਹ ਦੇਹੀ ਮੂਲ ਵਿੱਚ 'ਹਰਿ' ਦਾ ਰੂਪ ਹੋ ਜਾਂਦੀ ਹੈ। ਗੁਰੂ ਅਮਰ ਦਾਸ ਜੀ ਸਪੱਸ਼ਟ ਕਰਦੇ ਹਨ।

*ਏ ਵਿਸ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ*

ਰਾਮਕਲੀ ਮਹਲਾ 3 ਅਨੰਦ

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ 'ਪ੍ਰਤੱਖ ਹਰਿ' ਦੀ ਇੱਕ ਹੀ ਅਨੁਭੂਤੀ ਪ੍ਰਗਟ ਹੁੰਦੀ ਹੈ। ਗੁਰੂ ਸਾਹਿਬਾਨ, ਭਗਤ, ਭੱਟ ਤੇ ਗੁਰੂ ਘਰ ਦਾ ਹਰਿ ਜਸ ਕਰਨ ਵਾਲੇ ਰਬਾਬੀ, ਪਰਮੇਸ਼ਰ ਦੀ ਹੀ ਬਾਤ ਪਾਉਂਦੇ ਹਨ। ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਸਗਲ ਭਵਨ ਦਾ ਨਾਇਕ ਹੀ 'ਹਰਿ ਜੋਤ' ਰੂਪ ਨਹੀਂ ਸਗੋਂ ਇਹ ਸਗਲ ਪਸਾਰਾ, ਸਮੁੱਚਾ ਭੂ-ਮੰਡਲ ਹੀ 'ਉਸਦੀ' ਜੋਤਿ ਸੰਗ ਜਗ-ਮਗਾ ਰਿਹਾ ਹੈ। ਹਰ ਮਾਨਵ ਵਿੱਚ ਉਸ ਪ੍ਰਭੂ ਦੀ 'ਜੋਤਿ' ਪ੍ਰਕਾਸ਼ਮਾਨ ਹੈ।

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸਦੇ ਚਾਨਣਿ ਸਭ ਮਹਿ ਚਾਨਣ ਹੋਇ॥*

ਧਨਾਸਰੀ ਮਹਲਾ 1

★ 1857/3, ਫੇਜ਼ 10, ਮੋਹਾਲੀ (ਰੋਪੜ)

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਜੋਤਿ ਰੂਪ ਹਰਿ' ਹੋਣ ਦਾ ਵਰਦਾਨ ਧੁਰ ਦਰਗਾਹ ਤੋਂ ਹੀ 'ਦਾਤਿ' ਦੇ ਰੂਪ ਵਿੱਚ ਪ੍ਰਾਪਤ ਹੋਇਆ ਸੀ। ਗੁਰੂ ਜੀ ਨੇ ਇਸ 'ਹਰਿ' ਜੋਤਿ ਰੂਪ ਨੂੰ ਸਿਰਫ਼ ਆਪਣੇ ਜੀਵਨ ਵਿੱਚ ਹੀ ਨਹੀਂ ਸਗੋਂ 1469 ਈ. ਤੋਂ ਲੈ ਕੇ 1708 ਈ. ਤੱਕ ਨੌ ਜੋਤਿ-ਜਾਮਿਆਂ ਵਿੱਚ ਵੀ ਮਾਣਿਆ। ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ 'ਸਤਾ ਬਲਵੰਡ' ਦੀ ਵਾਰ ਵਿੱਚੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ ਕਿ ਗੁਰੂ ਕਾਇਆ ਪਲਟਦੇ ਸਨ। ਇਸ ਪੁਸਤਕ ਦੇ ਸਾਰੇ ਲੇਖਾਂ ਵਿੱਚ ਲੇਖਕ ਨੇ ਇਸ ਦ੍ਰਿਸ਼ਟੀਕੋਨ ਨੂੰ ਭਲੀ-ਭਾਂਤ ਸਪੱਸ਼ਟ ਕੀਤਾ ਹੈ।

*ਮਾਰਿਆ ਸਿੱਕਾ ਜਗਤ ਵਿੱਚ*
*ਨਾਨਕ ਨਿਰਮਲ ਪੰਥ ਚਲਾਯਾ*
*ਥਾਪਿਆ ਲਹਿਣਾ ਜੀਵਦੇ ਗੁਰਿਆਈ*
*ਸਿਰ ਛਤ੍ਰ ਫਿਰਾਯਾ*
*ਜੋਤੀ ਜੋਤਿ ਮਿਲਾਇਕੇ*
*ਸਤਗੁਰ ਨਾਨਕ ਰੂਪ ਵਟਾਯਾ॥*

(ਵਾਰ 1 ਪਉੜੀ 45)

*ਨਾਨਕ ਤੂ ਲਹਣਾ ਤੂ ਹੈ*
*ਗੁਰੁ ਅਮਰੁ ਤੂ ਵੀਚਾਰਿਆ॥*

(ਸਤਾ ਬਲਵੰਡ ਦੀ ਵਾਰ)

*ਲਹਿਣੈ ਪਾਈ ਨਾਨਕੋਂ ਦੇਣੀ*
*ਅਮਰਦਾਸ ਘਰ ਆਈ॥*
*ਗੁਰ ਬੈਠਾ ਅਮਰ ਸਰੂਪ ਹੋ*
*ਗੁਰਮੁਖ ਪਾਈ ਦਾਤ ਇਲਾਹੀ॥*
*ਦਾਤਿ ਜੋਤਿ ਖਸਮੈ ਵਡਿਆਈ॥*

(ਵਾਰ 1 ਪਉੜੀ 46)

ਗੁਰਬਾਣੀ ਵਿੱਚੋਂ ਅਜਿਹੇ ਪ੍ਰਮਾਣ ਦਰਜ ਕਰਕੇ ਪ੍ਰੋਫੈਸਰ ਸਾਹਿਬ ਵਿਚਾਰ ਦਿੰਦੇ ਹਨ ਕਿ 'ਸਾਰੇ ਗੁਰੂ ਜੋਤਿ-ਜਾਮੇ ਗੁਰੂ ਨਾਨਕ ਦੇਵ ਜੀ ਦੇ ਹੀ ਸਨ। ਦਸ ਗੁਰੂ ਜੋਤਾਂ 'ਹਰਿ ਰੂਪ ਗੁਰੂ', ਆਪ ਗੁਰੂ ਨਾਨਕ ਹਨ। ਗੁਰੂ ਗੋਬਿੰਦ ਸਿੰਘ ਜੀ ਮਾਨਵ ਨੂੰ 'ਹਰਿ' ਸਿਮਰਨ ਦੀ ਪ੍ਰੇਰਨਾ ਦਿੰਦਿਆਂ 'ਹਰਿ' ਨੂੰ 'ਜਾਗਤ ਜੋਤਿ' ਸਰੂਪ ਲਿਖਦੇ ਹਨ। ਆਪ ਦੀ ਸਮੁੱਚੀ ਜੀਵਨ ਸਾਧਨਾ ਆਪ ਨੂੰ ਹਰਿ ਰੂਪ ਜੋਤਿ ਪ੍ਰਗਟ ਕਰਦੀ ਹੈ।

*ਜਾਗਤ ਜੋਤਿ ਜਪੈ ਨਿਸਬਾਸਰ,*
*ਏਕ ਬਿਨਾ ਮਨ ਨੈਕ ਨ ਆਨੈ॥*
*ਪੂਰਨ ਜੋਤਿ ਜਗੈ ਘਟ ਮੈ,*
*ਤਬ ਖਾਲਸ ਤਾਹਿ ਨਿਖਾਲਸ ਜਾਨੈ॥*

ਲੇਖਕ ਨੇ ਇਸ ਵਿਚਾਰ ਨੂੰ ਗੁਰੂ ਨਾਨਕ ਦੇਵ 'ਜੋਤਿ ਤੇ ਜੁਗਤਿ', ਗੁਰੂ ਨਾਨਕ ਬਾਣੀ ਵਿੱਚ ਮਾਨਵਵਾਦ ਅਤੇ ਗੁਰੂ ਨਾਨਕ ਦੇਵ ਜੀ ਦੀ ਨਿਰਵੈਰਤਾ ਵਿੱਚ ਗੁਰਬਾਣੀ ਦੀਆਂ ਉਦਾਹਰਨਾਂ ਸਹਿਤ ਸਪੱਸ਼ਟ ਕੀਤਾ ਹੈ। ਇਹਨਾਂ ਲੇਖਾਂ ਵਿੱਚ ਗੁਰਬਾਣੀ ਦੀਆਂ ਉਦਾਹਰਨਾਂ ਸਹਿਤ ਸਪੱਸ਼ਟ ਕੀਤਾ ਹੈ। ਇਹਨਾਂ ਲੇਖਾਂ ਵਿੱਚ ਗੁਰਮਤਿ ਸਿਧਾਂਤਾਂ ਦੀ ਚਰਚਾ ਕਰਦਿਆਂ ਲੇਖਕ ਨੇ ਖਾਲਸੇ ਦੀ ਜੋਤ ਤੇ ਜੁਗਤਿ ਦੀ ਅਨੁਭੂਤੀ ਦੀ ਭਾਵਪੂਰਨ ਵਿਆਖਿਆ ਕੀਤੀ ਹੈ।

'ਖਾਲਸੇ ਦੀ ਜੋਤਿ ਤੇ ਜੁਗਤਿ' ਪੁਸਤਕ ਦੇ ਭਾਗ ਦੂਜਾ ਅਤੇ ਤੀਜਾ ਵਿੱਚ ਪ੍ਰੋਫੈਸਰ ਸਾਹਿਬ ਨੇ ਗੁਰਮਤਿ ਸਿਧਾਂਤ ਅਤੇ ਖਾਲਸੇ ਦੀ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੂੰ ਨਿਰੂਪਤ ਕਰਦੇ ਲੇਖ ਦਰਜ ਕੀਤੇ ਹਨ। ਇਹਨਾਂ ਲੇਖਾਂ ਵਿੱਚ ਪ੍ਰੋਫੈਸਰ ਸਾਹਿਬ ਨੇ ਖਾਲਸਾ ਪੰਥ ਦੀ ਸਿਰਜਨਾ ਅਤੇ ਸੰਕਲਪ ਬਾਰੇ ਸਪੱਸ਼ਟ ਕਰਦਿਆਂ ਖਾਲਸੇ ਦੀ ਪਥ-ਪਰਦਰਸ਼ਨਾਂ ਕਰਨ ਵਾਲੇ ਦ੍ਰਿਸ਼ਟੀਕੋਨ ਪੇਸ਼ ਕੀਤੇ ਸਨ। ਅਜਿਹੇ ਲੇਖਾਂ ਵਿੱਚ ਕੀਤੋ ਸੁ ਆਪਦਾ ਪੰਥ ਨਿਰਾਲਾ, ਸੱਚ-ਖੰਡ ਦਾ ਆਤਮਿਕ ਮੰਡਲ, ਸੰਗਤ ਕੀਨੀ ਖਾਲਸਾ, ਖਾਲਸੇ ਦਾ ਸਿਰਜਣਾਤਮਿਕ ਮੰਡਲ, ਖਾਲਸੇ ਦੇ ਪੰਜ ਕਰਾਰ, ਸਰਬੱਤ ਖਾਲਸਾ ਜੀ ਦੀ ਅਰਦਾਸ, ਖਾਲਸਾ ਜੀ ਕੇ ਬੋਲ-ਬਾਲੇ, ਖਾਲਸਾ ਪੰਥ ਨੂੰ ਦਰਵੇਸ਼ ਚੁਣੌਤੀਆਂ ਅਤੇ ਖਾਲਸਾ ਪੰਥ ਦੇ ਟੀਚੇ ਸ਼ਾਮਲ ਹਨ। ਲੇਖਕ ਨੇ ਗੁਰੂ ਸਾਹਿਬਾਨ ਦੀ ਅਧਿਆਤਮਿਕ ਮਾਨਵਤਾਵਾਦੀ ਵਿਚਾਰਧਾਰਾ ਦੇ ਸਨਮੁਖ ਗੁਰਬਾਣੀ ਵਿੱਚ ਜਾਤ-ਪਾਤ ਦੇ ਸੰਕਲਪ ਦੀ ਚਰਚਾ ਕਰਦਿਆਂ ਸਿੱਖ ਧਰਮ ਵਿੱਚ ਜਾਗ ਰਹੀ ਜਾਤ-ਪਾਤ ਦੀ ਪਰਵਿਰਤੀ ਤੋਂ ਵੀ 'ਖਾਲਸੇ' ਨੂੰ ਸੁਚੇਤ ਕੀਤਾ ਹੈ। ਲੰਮੀ ਘਾਲਣਾ ਸੰਗ ਲਿਖੇ ਖੋਜ ਭਰਪੂਰ ਲੇਖਾਂ ਵਾਲੀ ਇਹ ਪੁਸਤਕ ਸਮੁੱਚੇ ਸਿੱਖ ਜਗਤ ਨੂੰ ਪੜ੍ਹਨੀ ਤੇ ਵਿਚਾਰਨੀ ਬਣਦੀ ਹੈ ਤਾਂ ਜੋ ਖਾਲਸਾ ਪੰਥ ਗੁਰੂ ਸਾਹਿਬਾਨ ਦੇ ਅਗੰਮੀ ਬੋਲਾਂ ਦੇ ਸੱਚ ਨੂੰ ਪਛਾਣ ਸਕੇ ਅਤੇ 'ਧੁਰ ਕੀ ਬਾਣੀ' ਦੇ ਅਧਿਆਤਮਿਕ, ਮਾਨਵਵਾਦੀ ਸਿਧਾਂਤਾਂ ਸੰਗ ਆਪਣਾ ਹਿਰਦਾ ਪ੍ਰਕਾਸ਼ਮਾਨ ਕਰਕੇ, ਗੁਰੂ ਸਾਹਿਬਾਨ ਦੇ ਪੂਰਨਿਆਂ ਅਨੁਸਾਰ ਚਲ ਸਕੇ।

ਸਮੁੱਚੀ ਮਾਨਵਤਾ ਦੇ ਹਿਰਦਿਆਂ ਨੂੰ ਪ੍ਰਕਾਸ਼ਮਾਨ ਕਰਨ ਵਾਲੇ ਲੇਖਾਂ ਦੀ ਅਜਿਹੀ ਵਿਲੱਖਣ ਪੁਸਤਕ ਦੀ ਰਚਨਾ ਕਰਨ ਲਈ ਪ੍ਰੋਫੈਸਰ ਜੋਗਿੰਦਰ ਸਿੰਘ ਜੀ ਵਧਾਈ ਦੇ ਪਾਤਰ ਹਨ।

# STRIKING NOTES OF HARMONY

## Mukesh Khosla

If Music be the food of love, play on. Now His Holiness, the Dalai Lama, is taking Shakespeare's famous line a step further and giving it a religious dimension by launching the World Festival of Sacred Music.

The Uniqueness of this event lies in the fact that the festival will be held in all five continents. Having begun in October 1999 in Los Angeles, the festival will travel to Dresden, Capetown, Sydney, Hiroshima and culminate in a grand finale on April 9, 2000, at Bangalore in India.

So, while each continent will predominantly present the music of the region, the Global Festival at Bangalore will have the best from all the sacred music from India.

The home of the festival revolves around the process of bringing together people from different regional, religious and cultural backgrounds through the medium of music. Performances will represent the world's heritage of sacred music.

.Speaking to newspersons in Delhi, the Dalai Lama said: "The Idea is to energise the basic human qualities such as compassion and understanding and to invoke the forces of peace and harmony among peoples of the world in the new millennium."

Energy will be drawn from the songs of the shamans of the world's northern region, to the earth worshipping sound of the Australian aborigines; from the quirats of Islam and the flutes of the Sufis to the *mantras* of Asian Buddhists; from the Bhakti music of India to Christian Gregorian chants; from the holy drums of Africa to the gospel music of African Amercians. The Chanting of Tibetan monks and nuns will also be a special feature of the festival.

The list of patrons of the world festival is as impressive as it is indicative of the importance of this global event. The personal involvement of the Dalai Lama, along with the patronage of the late Lord Yehudi Menuhin, Swami Chidananda, Archbishop Desmond Tutu, Pandit Ravi Shankar, Madame Danielle Mitterand, President Vaclav Havel and Prince Sadruddin Aga Khan, further underscores the global message of the festival.

Soon after announcing the launch of the festival, the Dalai Lama invited sarod maestro Ustad Amjad Ali Khan to play a musical piece he had specially composed for the occasion. The piece was dedicated to the memory of the late Lord Yehudi Menuhin, the eminent violinist who passed away earlier this year.

"Among the many forms in which the human spirit has tried to express its innermost yearnings and perceptions, music is perhaps the most universal. It symbolises humanity's search for harmony, with oneself and with others, with nature, and with the spiritual and the sacred within us and around us," says the Dalai Lama.

It is in this spirit that the world festival is being initiated as a coming together of people of diverse backgrounds and traditions, to share and nurture the profoundest expression of the human spirit

that is part of each one of us.

The logo for the festival is based on the concept of *Nada* the first stirring within which heralds the beginning of the evolutionary process and from which radiate energy and matter.

"*Nada* is not only the audible sound but also the sound of silence, the healing silence of compassion and peace. That is why music has such profound influence not only on man, but also on animals and plants," says the Dalai Lama.

He says that it occurred to him that the World Festival of sacred Music would be a unique and effective way of ushering in the new millennium and spreading the message of universal responsibility and universal harmony and peace between man and nature.

Bringing together the spiritually enriched music of people from different regional, cultural and religious backgrounds and exposing the common man, specially the youth, to such elevating music "is bound to have a subtle and profound influence on the minds of people, moving them towards equanimity and harmony."

The festival encompasses a whole range of musical forms from the informal, ritual and folk traditions of indigenous peoples to the world's major musical traditions and contemporary expressions. It won't limit itself to the styles and modes used by religious denominations. It would be a hard task to choose a limited number of items for the global festival from the limitless ocean of sacred music.

Sequencing of items and mixing the Indian component with the items of music from the five continents, in a manner that one item blends smoothly with the next one, would pose yet another challenge.

The festival will be nonpolitical in nature and will not be commercial. It has been conceived as an expression of the deepest reflections of the mankind down the ages, with a view to inspire all of us to create a saner and better world.

Aptly summing up the spirit behind the festival, the Dalai Lama says: "There is something in music that transcends and unites. This is evident in the sacred music of every community - music that expresses the universal yearning that is shared by people all over the globe."

Curtsey: The Tribune


DONATE  HELP BLIND

ਸੇਵਕਸ' ਚੈਰੀਟੇਬਲ ਟਰਸਟ (ਰਜਿ.)

ਐਸ. ਸੀ. ਓ. 1104-05, ਸੈਕਟਰ 22-ਬੀ, ਚੰਡੀਗੜ

PHONES : 701238, 713915, 701396

HELP NEEDY

HELP NEEDY

IN THE SERVICE OF HUMANITY

# THE KHALSA AND ITS SPIRITUAL MESSAGE

**Swami Sunirmalananda**

It was a massive gathering of about 800 million people. At which Guru Gobind Rai asked, "I want a head! who amongst you is ready to dedicate your life for the faith?", everyone was stunned. But Daya Ram rose up and said, "My Lord! I am ready." Guru Gobind Rai took him into the tent. Soon there was a terrible cry. And when Gobind Rai came out his sword was dripping with blood. He again asked for a head. Thus it went on until five persons were 'sacrificed'. But the whole scene changed when the five walked out of the tent in blue apparel, the same dress that Guru Gobind Rai had worn. These five became the *Punj Piare*, the five beloved ones of the Guru. Thus was Khalsa created.

But the question remains. What is the relevance of Khalsa for non-Sikhs, and especially in modern times? What is the relevance of Khalsa to us, common people, today?

Let's read Khalsa symbolically. Why should we do so? We should do so because we should remember that Guru Gobind Singhji was a spiritual master, not just a military general forming a new army. While all the earlier spiritual teachers taught the glory of spiritual strength only, to the exclusion of physical strength, for the first time in India, Guru Gobind Singhji advocated *kshatra virya* and *brahma teja* together. He for the first time showed the need of developing physically, mentally, and spiritually so as to be called a completely human being. The ideal of being a meek, lowly and humble servant of God was all right for early times. But for the future, such an ideal would be counterproductive. And so Guru Gobind Singhji gave a new ideal. To swim against the current wasn't all that easy, but the guru did it on the account of his great spiritual strength.

So we should read Khalsa through the spiritual eye."Killing" five people and giving them new dress and new surnames symbolises killing the downward tendency of the five senses. The five senses - eyes, ears, nose, tongue, and skin - are what cause all the mischief and bind us to the world. We are pure, we are perfect, we are holy, we are the Self. But because of the five senses, we become slaves to passions. We become like lambs though we are lions. Hence Guru Gobind Singhji symbolically 'killed' the five and made them lions. The Upnishads say that the nature of senses is to be outgoing and so one does not see the inner Self. A rare discriminating man, desiring immortality, turns his eyes away and sees within. So, with the destruction of the outgoing tendency of the senses, they turn inwards. What is inside? It is Supreme alone. And the Supreme is vast like the sky. Hence the blue colour of the dress of the five beloved ones of Guru Gobind Singhji.

While instructing the principles of Khalsa, Guru Gobind Singhji told the assembly that they are to follow certain precepts like reciting prayers in the morning, and having five *kas* - *kesh, karha, kachha, kripan* and *kanga*. What is the symbology

of having the five *ka-kars*? Not to cut hair has a spiritual significance in that we are not to cut off our links with ancient spiritual masters. Hair also signifies beauty - also called *kankana* in Sanskrit. To wear a *karah* means to be dedicated to ideals. The bangle always reminds us of the spiritual goal we have before us. *Kachha* or wearing shorts symbolically means being pure in life, the following of the principle of *brahmacharya*, an essential requisite for spiritual illumination. Next is *kirpan*. We should always be on our guard not to be attacked by enemies. Who are our enemies? Lust, anger, greed, etc. are the dreaded enemies. The dagger symbolises our alertness to cut asunder all obstacles to spiritual life. Finally, *kangha*. *Kangha* is a small comb, kept to clean the hair. We have to constantly clean our mind so no dust accumulates in it. The hair may get soiled due to various reasons; we should keep it clean. That is, there may be so many bad things in our heritage. We should not only keep the best and leave the rest but also contribute our mite to the best.

Thus, Khalsa is not just for Sikhs only but its ideas are for everyone. We all should turn our senses inward in order to attain peace. We all should revere our great ancestors who discovered so many spiritual truths. We should keep ourselves clean, pure, and strive for the attainment of spiritual liberation. Finally, we should become lions and not remain lambs. That is the goal of all religions, and that is what Guru Gobind Singhji taught through the physical symbology of the Khalsa.

*Courtesy:* Times of India

## ਸਾਹਿਤਕ ਖ਼ਬਰ

### ਪ੍ਰੋ. ਚਾਨਣ ਸਿੰਘ ਨਿਰਮਲ ਨੂੰ ਸਾਹਿਤਕ ਪੁਰਸਕਾਰ

ਇਸ ਵਾਰ ਸੰਤ ਕਵੀ ਚਰਨ ਸਿੰਘ ਯਾਦਗਾਰੀ ਸਾਹਿਤਕ ਪੁਰਸਕਾਰ ਨਾਲ, ਸੰਤ ਕਵੀ ਮਸਤਾਨ ਸਿੰਘ, ਧਰਮਕੋਟ (ਮੋਗਾ) ਵਲੋਂ ਪ੍ਰੋ. ਚਾਨਣ ਸਿੰਘ ਨਿਰਮਲ, ਮੁਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਨਗਰ - 143 531 (ਗੁਰਦਾਸਪੁਰ) ਨੂੰ 14-01-2000 ਮਾਘੀ ਉਤਸਵ ਵਾਲੇ ਦਿਨ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਵਿੱਚ ਇੱਕ ਲੋਈ, ਸਨਮਾਨ ਚਿੰਨ੍ਹ ਤੇ 200 ਰੁਪਏ ਆਉਣ ਜਾਣ ਦੇ ਖ਼ਰਚੇ ਤੋਂ ਇਲਾਵਾ 1100 ਰੁਪਏ ਦੀ ਨਕਦ ਸਨਮਾਨ ਰਾਸ਼ੀ ਸ਼ਾਮਿਲ ਹੈ।

- ਡਾ. ਸੁਰਜੀਤ ਚੰਦਰ ਮੋਗਾ


With compliments from
**Kulvinder Singh**

Phone : (O) 3312440
Resi. : 5721753

**SAWHNEY CLOTH HOUSE**

46, Shanker Market, Connaught Circus, New Delhi - 110 001

## ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

### ਗੁਰਮਤਿ ਮਾਰਤੰਡ: ਭਾਈ ਕਾਹਨ ਸਿੰਘ ਨਾਭਾ ਤੇ ਅਧਾਰਤ

**ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥**
**ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ, ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥**
**ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥**
**ਇਨਹੀ ਕੀ ਕ੍ਰਿਪਾ ਕੇਂ ਸਜੇ ਹਮ ਹੈਂ, ਨਹੀਂ ਮੋ ਸੇ ਗਰੀਬ ਕਰੋਰ ਪਰੇ।੨॥੬੪੫॥**

(ਸਵੈਯਾ ਦਸਮ ਗ੍ਰੰਥ, ਪੰਨਾ ੭੧੬)

ਗੁਰੂ ਗੋਬਿੰਦ ਸਿੰਘ ਜੀ ਖਾਲਸੇ ਦੀ ਮਹਿਮਾਂ ਕਰਦਿਆ ਉਚਾਰਦੇ ਹਨ ਕਿ ਖਾਲਸੇ ਦੀ ਕਿਰਪਾ ਕਰਕੇ ਹੀ ਮੈਂ ਜੁੱਧ ਜਿੱਤੇ ਹਨ ਅਤੇ ਇਸੇ ਕਰਕੇ ਹੀ ਮੈਂ ਦਾਨ ਕਰਦਾ ਹਾਂ। ਇਸ ਦੀ ਦਇਆ ਸਦਕਾ ਮੇਰੇ ਅਨੇਕਾਂ ਦੁੱਖ ਟਲ ਗਏ ਹਨ ਅਤੇ ਇਹਨਾਂ ਕਰਕੇ ਹੀ ਮੇਰੇ ਖਜ਼ਾਨੇ ਭਰੇ ਰਹਿੰਦੇ ਹਨ। ਇਹਨਾਂ ਦੀ ਕਿਰਪਾ ਕਰਕੇ ਮੈਂ ਚੰਗੀ ਵਿਦਿਆ ਹਾਸਲ ਕੀਤੀ ਹੈ। ਇਹਨਾਂ ਦੀ ਕਿਰਪਾ ਕਰਕੇ ਮੇਰੇ ਸਾਰੇ ਸ਼ਤਰੂਆਂ ਦਾ ਨਾਸ ਹੋਇਆ ਹੈ। ਮੈਂ ਇਹਨਾਂ ਕਰਕੇ ਹੀ ਸਜਿਆ ਹੋਇਆ ਹਾਂ, ਨਹੀਂ ਤੇ ਮੇਰੇ ਜਿਹੇ ਗਰੀਬ ਕਰੋੜਾਂ ਪਏ ਹੋਏ ਹਨ।

ਖਾਲਸੇ ਨੂੰ ਆਪਣਾ ਰੂਪ ਮੰਨ ਕੇ ਇਹ ਕਥਨ ਹੈ। "ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ।" ਸਾਰੰਗ ਮਹਲਾ ਪੰਜਵਾਂ।

● ● ●

**ਜਾਗਤਿ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥**
**ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖ਼ਾਲਸ ਜਾਨੈ॥**

(ਦਸਮ ਗ੍ਰੰਥ, ਪੰਨਾ ੭੧੨)

ਖਾਲਸਾ ਮਹਾਂ ਜੋਤੀ ਸਰੂਪ ਦਾ ਦਿਨ ਰਾਤ ਨਿਰੰਤਰ ਜਾਪ ਕਰਦਾ ਹੈ। ਉਸ ਇੱਕ ਤੋਂ ਬਿਨਾਂ ਹੋਰ ਕਿਸੇ ਤੇ ਮਨ ਨਹੀਂ ਲਿਆਉਂਦਾ। ਉਸ ਉੱਤੇ ਉਹ ਪੂਰੇ ਪ੍ਰੇਮ ਸਹਿਤ ਵਿਸ਼ਵਾਸ ਕਰਦਾ ਹੈ। ਹੋਰ ਵਰਤ, ਮੜੀਆਂ, ਕਬਰਾਂ, ਮਨਾਂ ਆਦਿ ਨੂੰ ਭੁੱਲ ਕੇ ਵੀ ਨਹੀਂ ਮੰਨਦਾ। ਉਹ ਕੇਵਲ ਕਰਮ ਕਾਂਡ ਵਾਸਤੇ ਤੀਰਥ, ਦਾਨ, ਦਇਆ, ਤਪ ਅਤੇ ਹੱਠ ਸੰਜਮ ਆਦਿ ਵਿੱਚ ਵਿਸ਼ਵਾਸ ਨਹੀਂ ਰੱਖਦਾ। ਉਹ ਉਸ ਅਕਾਲ ਬਿਨਾਂ ਉਪਰ ਦੱਸੇ ਸਾਧਨਾਂ ਵਿੱਚੋਂ ਇੱਕ ਨੂੰ ਵੀ ਨਹੀਂ ਪਛਾਣਦਾ। ਜਦੋਂ ਉਸ ਦੇ ਅੰਦਰ ਪੂਰਨ ਜੋਤੀ ਦਾ ਪ੍ਰਕਾਸ਼ ਹੋ ਜਾਂਦਾ ਹੈ ਤਾਂ ਹੀ ਇਸ ਨੂੰ ਪੂਰਾ ਖਾਲਿਸ ਅਰਥਾਤ ਅਤਿਅੰਤ ਨਿਰਮਲ ਖਾਲਸੇ ਦੇ ਤੌਰ ਤੇ ਜਾਣਿਆ ਜਾ ਸਕਦਾ ਹੈ।

# ਸੁਰ ਲਿਪੀਆਂ

## ਪ੍ਰੋ. ਤਾਰਾ ਸਿੰਘ

**ਰਾਗੁ ਚੰਪਕ**

ਠਾਠ : ਖਮਾਜ॥ ਜਾਤੀ : ਓੜਵ-ਸੰਪੂਰਣ ॥ ਵਾਦੀ : ਮ ਸੰਵਾਦੀ : ਸ॥ ਨੁ ਕੋਮਲ॥

ਵਰਜਿਤ : ਗ ਨ (ਆਰੋਹ ਵਿੱਚ)॥ ਸਮਾਂ : ਰਾਤ ਦੂਜਾ ਪਹਿਰ

ਅਰੋਹ : ਸ ਰ ਮ ਪ ਧ ਸਂ॥ ਅਵਰੋਹ : ਸਂ ਨੁ ਧ ਪ ਧ ਮ ਪ ਗ ਰ ਸ॥ (ਕਹਿਰਵਾ ਤਾਲ)

| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| X | | | | 0 | | | | X | | | | 0 | | | |
| | | | | | | | | | | ਸਥਾਈ: | | | | ਸਾ | ਸਾ |
| | | | | | | | | | | | | | | ਇ | ਨ |
| ਮ | | | | | | | | | | ਸਾਂ | | | | | |
| ਰੇ | - | ਮ | - | ਪ | - | ਧਨ਼ੀ | ਪਧ | ਸਾਂ | ਸਾਂਰੇ | ਨ਼ੀ | ਨ਼ੀ | ਧ | ਪ | ਪ | ਧ |
| ਹੀ | s | ਕੀ | ਕ੍ | ਪਾ | s | ਕੇs | ਸs | ਜੋ | ss | ਹ | ਮ | ਹੈਂ | s | ਨ | ਹੀ |
| ਨ਼ੀ | ਸਾਂਨ਼ੀ | ਧ | ਨ਼ੀਧ | ਪ | ਧ | ਮ | ਪ | ਗ | ਸ | ਰੇਗ | ਸਰੇ | ਨ਼ੀ | - | ਨ਼ੀ | ਧ਼ |
| ਮੋ | ss | ਸੇ | ਗਾs | ਰੀ | s | ਬ | ਕ | ਰੋ | s | ਰs | ਪs | ਰੇ | s | ਨ | ਹੀ |
| ਸ | - | ਸ | ਰੇ | ਸਰੇ | ਮ | ਮ | ਪ | ਗ | ਸ | ਰੇਗ | ਸਰੇ | ਸ | - | ਸ | ਸ |
| ਮੋ | s | ਸੇ | ਗ | ਰੀs | s | ਬ | ਕ | ਰੋ | s | ਰs | ਪs | ਰੇ | s | ਇ | ਨ |
| ਸਰੇ | ਗ | ਸ | ਰੇ | ਨ਼ੀ | - | ਧ਼ਨ਼ੀ | ਪ | - | ਧ਼ਨ਼ੀ | ਪ਼ | ਧ਼ | ਸ | - | ਸਾ | ਸਾ |
| ਹੀs | s | ਕੇ | ਪ੍ | ਸਾ | s | ਦਿs | ਸੁ | s | ਬਿਦਿ | ਆ | ਲ | ਈ | s | ਇ | ਨ |
| ਰੇਮ | ਪਨ਼ੀ | ਧਨ਼ੀ | ਪਧ | ਸਾਂ | ਸਾਂਰੇਂ | ਨ਼ੀ | ਧਪ | ਗਸ | ਰੇਸ | ਸ | - | - | - | | |
| ਹੀ | ss | ਕੀs | ਕ੍s | ਪਾ | ss | ਸ | ਭs | ਸs | ਤ੍ਰਮ | ਰੇ | s | s | s | | |
| ਅੰਤਰਾ: | | | | | | | | | | | | | | | |
| - | ਮ | ਮ | ਮ | ਪ | - | ਧਨ਼ੀ | ਪਧ | ਸਾਂ | ਸਾਂ | ਸਾਂ | ਰੇਂ | ਨ਼ੀ | ਧ | ਸਾਂ | ਸਾਂ |
| s | ਜੁ | ਧ | ਜਿ | ਤੇ | s | ਇਸ | ਨs | ਹੀ | s | ਕੇ | ਪ੍ | ਸਾ | s | s | ਇ |
| - | ਮ | ਮ | ਮ | ਪ | - | ਧਨ਼ੀ | ਪਧ | ਸਾਂ | ਸਾਂ | ਸਾਂ | ਰੇ | ਨ਼ੀ | ਧ | ਸਾਂ | ਸਾਂ |
| s | ਜੁ | ਧ | ਜਿ | ਤੇ | s | ਇਸ | ਨs | ਹੀ | s | ਕੇ | ਪ੍ | ਸਾ | ਦਿ | ਇ | ਨ |
| ਧਸਾਂ | ਰੇਂਗਂ | ਸਾਂ | ਰੇਂ | ਸਾਂ | - | ਸਾਂ | ਰੇਂ | ਨ਼ੀ | - | ਧ | ਨ਼ੀ | ਧ | ਪ | ਪ | ਪ |
| ਹੀs | ss | ਕੇ | ਪ੍ | ਸਾ | s | ਦਿ | ਸੁ | ਦਾ | s | ਨ | ਕ | ਰੇ | s | ਅ | ਘ |
| | | | | | | | | | | | ਗਂ | | | | |
| ਧਸਾਂ | ਰੇਂਗਂ | ਸਾਂ | ਰੇਂ | ਮਂ | - | ਮਂ | ਪਂ | ਗਂ | - | ਸਾਂ | ਰੇਂ | ਨ਼ੀ | ਨ਼ੀ | ਧ | ਪ |
| ਅਉ | ss | ਘ | ਟ | ਰੇ | s | ਇ | ਨ | ਹੀ | s | ਕੇ | ਪ੍ | ਸਾ | ਦਿ | ਇ | ਨ |
| ਸਾਂਰੇ | ਨ਼ੀਸਾਂ | ਧ | ਪ | ਪ | ਧ | ਮ | ਪ | ਗ | ਸ | ਰੇਗ | ਸਰੇ | ਸ | - | | |
| ਹੀs | ss | ਕੀ | ਕ੍ | ਪਾ | s | ਫੁ | ਨ | ਧਾ | s | ਮs | ਭਰੇ | s | s | | |

## ਰਾਗ ਦਰਬਾਰੀ ਕਾਨੜਾ

ਵਾਦੀ: ਰ॥ ਸੰਵਾਦੀ: ਪ ਠਾਟ: ਆਸਾਵਰੀ॥ ਗਾਇਨ ਸਮਾਂ: ਲਗਭਗ ਅੱਧੀ ਰਾਤ, ਜਾਂ 10 ਤੋਂ ਬਾਦ।

ਜਾਤੀ: ਵੱਕ੍ਰ-ਸੰਪੂਰਣ ਵਿਸ਼ੇਸ਼: 'ਗੰਧਾਰ-ਧੈਵਤ' ਅੰਦੋਲਿਤ।

ਨ਼ ਨ਼ ਨ਼ ਮ ਸ ਨੁ ਨੁ

ਆਰੋਹ : ਨ਼ ਸ ਰ, ਧ਼ੁ ਧ਼ੁ, ਨ਼ ਪ਼, ਮ਼ ਪ਼ ਧ਼ੁ ਨ਼ ਸ, ਸ ਰ ਗੁ, ਰ ਰ ਸ, ਮ ਪ, ਧੁ ਧੁ ਨੁ ਸਂ।

ਨੁ ਮ ਮ ਮ

ਅਵਰੋਹ : ਸਂ ਧ਼ੁ, ਨੁ ਪ, ਮ ਪ ਗੁ ਗੁ ਗੁ, ਮ, ਰਸਨ਼ਸਰ ਸ।

ਨ਼ ਨ਼ ਨ਼ ਸ

ਪਕੜ : ਨ਼ ਸ ਰ, ਧ਼ੁ ਧ਼ੁ, ਨ਼ ਪ਼, ਮ਼ ਪ਼, ਧ਼ੁ ਨ਼ ਰ, ਸ।

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| *ਸਥਾਈ* | | | | | | | | | | | | | | | |
| ਨ਼ੀ | - | ਸ | ਸ | ਰੇ | ਸ | ਰੇ | ਪ | ਗੁ | - | ਗੁ | ਮ | ਰੇ | - | ਸ | ਸ |
| ਪੂ | s | ਰ | ਨ | ਜੋ | s | ਤ | ਜ | ਗੇ | s | ਘ | ਟ | ਮੇ | s | ਤ | ਬ |
| ਨ਼ੀਸ | ਰੇਮ | ਰੇ | ਸ | ਧ਼ੁ | ਨ਼ੀ | ਮ਼ | ਪ਼ | ਧ਼ੁ | - | ਨ਼ੀ | ਰੇ | ਸਾ | - | ਸਾ | - |
| ਖ਼ਾs | ss | ਲ | ਸ | ਡਾ | s | ਹਿ | ਨ | ਖ਼ਾ | s | ਲ | ਸ | ਜਾ | s | ਨੇ | s |
| *ਅੰਤਰਾ* | | | | | | | | | | | | | | | |
| ਸਾ | - | ਰੇ | ਰੇ | ਗੁ | - | ਮ | ਮ | ਪ | - | ਪ | ਪ | ਧੁ | ਨੁੀ | ਪ | ਪ |
| ਜਾ | s | ਗ | ਤ | ਜੋ | s | ਤਿ | ਜ | ਪੇ | s | ਨਿ | ਸ | ਬਾ | s | ਸੁ | ਰ |
| ਮ | - | ਪ | ਪ | ਮਪ | ਸਾਂ | ਨੁੀ | ਪ | ਗੁ | - | ਗੁ | ਮ | ਰੇ | - | ਨ਼ੀ | ਸ |
| ਏ | s | ਕ | ਬਿ | ਨਾs | s | ਮ | ਨ | ਨੇ | s | ਕ | ਨ | ਆ | s | ਨੇ | s |

### ਗੁਰਮੁਖ ਢੂੰਢ ਢੂੰਢੇਦਿਆਂ ( Free Matrimonial Service )

**SUITABLE** match for Ramgarhia Khati girl (26, 5'-4"), B.A., fair, slim & homely. Gotre are Ghalay (ਗਾਲ੍ਹੇ), Mutiar (ਮੁਟਿਆਰ). Two brothers & three sisters already married in good family. Early marriage without dowry. ***Box: 099***

**SUITABLE** match for Arora Sikh girl (D.O.B. - 14/04/72, 5'-1"). Healthy, beautiful, fair complexioned with sharp features, sober nature and perfect in house hold affairs. BA, MEd and working in a Public School. Father expired, mother working in Punjab State Govt. and younger brother running a factory in Chandigarh. ***Box: 100***

**SUITABLE** non-trimmer, non-drinker match for Gursikh Khatri girl (23½, 5'-3"). Studying in B.A. second year and Computer course. ***Box: 101***

**SUITABLE** match for a Arora Sikh Blind boy (27, 5'-8"). Govt. Teacher. ***Box: 102***

***Contact :*** **Sardar Harbhajan Singh, # 1246 (Ist Floor), Sec. : 22 B, Chandigarh**

Postal Regd. No. PB / 0135 / 2000 RNI Regd. No. 46788/89 ISSN 0972-2335



# THE FREEDOM TO BE THE MASTER OF HIS OWN DESTINY

At IFFCO, we have been making it possible for him since 1967. Today, if we're producing 29 lakh tonnes of fertilisers, tomorrow we'll be the largest producer of fertilisers in the world. Thanks to VISION-2000. Which is all about expanding existing units, setting up grassroot urea production units, increasing the acreage under seed production.

Through the modernisation and expansion of its plants at Aonla, Kalol, Kandla and Phulpur with a total planned outlay of Rs. 3457.49 crore for the 9th plan, it is well on its way to realize VISION 2000.

Going beyond fertiliser production, we're also into seed multiplication programmes, farm forestry projects, farmers service centres, rural development, propagation of balanced use of fertilisers. Besides, we're making rapid strides in growth and development. As also picking up a few awards in the process. All because we want our farmer brethren to breathe the air of confidence. And be the master of his own destiny.

50 YEARS OF FREEDOM

IFFCO

INDIAN FARMERS FERTILISER COOPERATIVE LIMITED

34, NEHRU PLACE, NEW DELHI.

*We build a self-sufficient India, everyday*

# "ALP - THE MARK OF QUALITY"

***A joint venture with Nishikawa Rubber Company of Japan***

***( World leading company in EPDM weatherstrips )***



## QUALITY SEALS FOR GLOBAL MARKET

Manufacturers of specialised EPDM rubber, sponge and flock products for the automotive original equipment and building markets

*UNDER THE BRAND NAME OF ALP, WE MANUFACTURE*

- **Flocked / PU Coated Glass Run Channels**
- **Celluar Profiles with Nylon Inserts**
- **PVC Trims**
- **Bus Body Building Profiles**
- **Windshield Rubber**
- **Co-extruded Profiles / Trims**
- **PVC Sponge Seals**
- **Building Profiles**

**The profiles comply with the most advanced international standards. Some of our esteemed customers are GM, Toyota, Lancer Mitsubishi, Honda Daewoo, Suzuki, Telco.**

ALP

ANAND NISHIKAWA COMPANY LIMITED

**An ISO 9002 Company**

C - 10, Sector: 1, NOIDA (U.P.)

**Phone :** 0118 - 556528

**email :** anco.lalru@rmc.sprint.rpg.ems.vsnl.net.in

**Visit us at :** htto://www.indianauto.com/alp